Digitized by Arya Samaj Foundation Chennai and eGangotri

ਪ੍ਰਾਚੀਨ ਪੰਜਾਬ ਦੀ ਸੰਸਕ੍ਰਿਤੀ

ਮਧੂਬਾਲਾ

CC-0. In Public Domain. Gurukul Kangri Collection, Harid

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

maj Foundation Che

ਪ੍ਰਾਚੀਨ ਪੰਜਾਬ ਦੀ ਸੰਸਕ੍ਰਿਤੀ

ਮਧੁਕਾਂਤ

AGAM

ain. Gurukul Kangri

Digitized by Arya Samaj Foundation Chennai and eGangotri

ਇਸ ਪੁਸਤਕ ਵਿਚ ਪੰਜਾਬ ਦੀ ਪ੍ਰਾਚੀਨ ਸੰਸਕ੍ਰਿਤੀ ਦੇ ਬਾਰੇ ਗੁਰਮੁਖੀ ਵਿਚ ਲਿਖਿਆ ਗਿਆ ਹੈ। ਇਸਦਾ ਆਮੁਖ ਹੀ ਇਸ ਪੁਸਤਕ ਦੇ ਸਵਰੂਪ ਤੇ ਪ੍ਰਕਾਸ਼ ਪਾਉਣ ਵਿਚ ਸਹਾਇਕ ਹੈ। ਇਸ ਵਿਚ ਪ੍ਰਾਚੀਨ ਪੰਜਾਬ ਦੀ ਸਾਂਸਕ੍ਰਿਤਿਕ ਝਲੱਕ ਪੁਰਾਣਕ ਅਤੇ ਪੁਰਾਤਤੱਵਕ ਪਰਿਪੇਖ ਤੇ ਅਧਾਰਤ ਹੈ।

ਭਾਰਤ ਦੀ ਵੰਡ ਤੋਂ ਬਾਦ ਕਈ ਥਾਵਾਂ ਤੇ ਪੁਰਾਤੱਤਵਕ ਖ਼ੁਦਾਈਆਂ ਕੀਤੀਆਂ ਗਈਆਂ। ਇਸ ਪੁਸਤਕ ਚ ਪੰਜਾਬ ਚ ਹੋਏ ਪੁਰਾਤਤੱਵਕ ਅਣਵੇਖਣ ਅਤੇ ਹਾਲ ਵਿਚ ਹੋਈਆਂ ਖੁਦਾਈਆਂ ਦਾ ਵੀ ਲੜੀਵਾਰ ਵੇਰਵਾ ਦਿੱਤਾ ਗਿਆ ਹੈ। ਪ੍ਰਸਤੁਤ ਪੁਸਤਕ ਵਿਚ ਪ੍ਰਾਕ ਇਤਿਹਾਸਕ ਕਾਲ ਤੋਂ ਲੈ ਕੇ ਕੁਸ਼ਾਣ ਕਾਲ ਦੀਆਂ ਥਾਵਾਂ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ ਅਤੇ ਹਰ ਕਾਲ ਦੇ ਅਵਸ਼ੇਸ਼ਾਂ ਦਾ ਵਿਸਤਾਰ ਰੂਪ ਵਿਚ ਵਰਨਣ ਕੀਤਾ ਗਿਆ ਹੈ। ਇਸਦੇ ਇਲਾਵਾ ਪ੍ਰਾਕ ਇਤਿਹਾਸਿਕ ਕਾਲ, ਪ੍ਰਾਕ ਹੜੱਪਾ, ਹੜੱਪਾ, ਹੜੱਪਾ ਉਤੱਰ ਕਾਲ, ਸਲੇਟੀ ਚਿਤਰਿਤ ਪਾਤਰ ਸ਼ੱਭਤਾ, ਕਾਲੇ ਉੱਤਰੀ ਚਮਕੀਲੇ ਪਾਤਰ ਅਤੇ ਕੁਸ਼ਾਣ ਕਾਲ ਨਾਲ ਸੰਬੰਧਤ ਖੁਦਾਈਆਂ ਅਤੇ ਉਨ੍ਹਾਂ 'ਚੋਂ ਮਿਲੇ ਅਵਸ਼ੇਸ਼ਾਂ ਦਾ ਵੀ ਜ਼ਿਕਰ ਹੋਇਆ ਹੈ। ਇਸਦੇ ਨਾਲ ਹੀ ਪੰਜਾਬ ਚ ਹੋਏ ਵੱਖ ਵੱਖ ਗਣਰਾਜ, ਸਿਕਿਆਂ ਅਤੇ ਲੇਖਾਂ ਤੇ ਅਧਾਰਤ ਪੁਰਾਤੱਤਵਕ ਪ੍ਰਮਾਣਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਆਸ ਹੈ ਕਿ ਪ੍ਰਸਤੁਤ ਪੁਸਤਕ ਦਵਾਰਾ ਪਾਠਕ ਪੰਜਾਬ ਦੀ ਪ੍ਰਾਚੀਨ ਸੰਸਕ੍ਰਿਤੀ ਦੇ ਬਾਰੇ ਚ ਇਕੋਂ ਹੀ ਥਾਂ ਤੇ ਪੂਰੀ ਜਾਣਕਾਰੀ ਲੈਣ ਦਾ ਲਾਭ ਉਠਾਉਣਗੇ ਅਤੇ ਗਿਆਨ ਪ੍ਰਾਪਤ ਕਰਣਗੇ।

Rs. 200

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਚੀਨ ਪੰਜਾਬ ਦੀ ਸੰਸਕ੍ਰਿਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਚੀਨ ਪੰਜਾਬ ਦੀ ਸੰਸਕ੍ਰਿਤੀ

DONATION

7947

पुस्तकालय
पुस्तकालय
गुरुकुल कांगड़ी विश्वविद्यालय

ਮਧੂਬਾਲਾ

ਸਵਾਤੀ ਪਬਲਿਕੇਸ਼ਨਜ਼, ਦਿੱਲੀ

1990

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਥਮ ਸੰਸਕਰਣ 1990
© ਮਧੂਬਾਲਾ

ਪ੍ਰਕਾਸ਼ਕ :
ਸਵਾਤੀ ਪਬਲੀਕੇਸ਼ਨਜ਼
34-ਸੈਂਟਰਲ ਮਾਰਕੀਟ, ਅਸ਼ੋਕ ਵਿਹਾਰ, ਦਿੱਲੀ-110052, ਫੋਨ: 7113395

ਮੁਦ੍ਰਕ :
ਨਿਸਚਲ ਪ੍ਰਿੰਟਿੰਗ ਪ੍ਰੈਸ, ਨਰਾਇਣਾ ਇੰਡਸਟਰੀਯਲ ਏਰੀਆ; ਫੇਸ-II, ਨਵੀਂ ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਜਨੀਕ ਮਾਤਾ
ਸ਼੍ਰੀਮਤੀ ਸੁਸ਼ੀਲ ਕੁਮਾਰੀ
ਦੇ ਚਰਣ ਕਮਲਾਂ ਵਿਚ ਸਾਦਰ ਸਮਰਪਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਮੁਖ

ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਇਸ ਉਪਮਹਾਦਵੀਪ ਦੇ ਸਾਂਸਕ੍ਰਿਤਿਕ ਇਤਿਹਾਸ ਵਿਚ ਇੰਜ ਰਚੀ ਵਸੀ ਹੋਈ ਹੈ ਕਿ ਇਸਦੀ ਪ੍ਰਸ਼ੰਸਾ ਦੇ ਗੀਤ ਵੈਦਿਕ ਸਾਹਿੱਤ ਵਿਚ ਤਾਂ ਗਾਏ ਹੀ ਗਏ ਹਨ, ਆਧੁਨਿਕ ਸਮਾਂ ਵੀ ਇਸ ਦੀ ਮਹਾਨਤਾ ਤੋਂ ਅਛੂਤਾ ਨਹੀਂ ਰਹਿ ਸਕਦਾ। ਅਜ ਦੇ ਪੰਜਾਬ ਦੀਆਂ ਸੀਮਾਂ-ਸਰਹੱਦਾਂ ਭਾਵੇਂ ਸ਼ਬਦ ਪੰਜਾਬ ਦੀਆਂ ਭੂਗੋਲਿਕ ਰੇਖਾਵਾਂ ਨੂੰ ਪੂਰਾ ਨਹੀਂ ਦਰਸ਼ਾਉਂਦੀਆਂ ਕਿਉਂਕਿ ਤਿੰਨ ਮੁਖ ਦਰਿਆ—ਰਾਵੀ, ਚਨਾਬ ਅਤੇ ਜੇਹਲਮ ਹੁਣ ਇਸ ਰਾਜ ਦੀਆਂ ਸਿਆਸਕ ਹੱਦਾਂ ਤੋਂ ਬਾਹਰ ਹੋ ਗਏ ਹਨ, ਫਿਰ ਵੀ ਮੌਜੂਦਾ ਪੰਜਾਬ ਦਾ ਸਾਂਸਕ੍ਰਿਤਿਕ ਇਤਿਹਾਸ, ਪਾਕਿਸਤਾਨ ਵਿਚ ਸਮੇਟ ਲਏ ਗਏ ਸਾਂਸਕ੍ਰਿਤਿਕ ਖਜ਼ਾਨੇ ਦੇ ਬਾਵਜੂਦ ਅਪਣੇ ਆਪ ਵਿਚ ਭਰਪੂਰ ਅਤੇ ਬਹੁਤ ਅਮੀਰ ਹੈ।

ਪਿਛਲੇ ਚਾਰ ਦਸ਼ਕਾਂ ਤੋਂ ਚਲ ਰਹੀਆਂ ਪੁਰਾਤਤੱਵਕ ਖੁਦਾਈਆਂ ਦੇ ਸਿੱਟੇ ਵਜੋਂ ਪੰਜਾਬ ਵਿਚ ਬਹੁਤ ਮਹੱਤਵਪੂਰਣ ਸਾਂਸਕ੍ਰਿਤਿਕ ਖੋਜਾਂ ਹੋਈਆਂ ਹਨ ਜਿਨ੍ਹਾਂ ਨਾਂ ਕੇਵਲ ਸਥਾਪਿਤ ਵਿਚਾਰਧਾਰਾਵਾਂ ਨੂੰ ਪ੍ਰਮਾਣ ਦਿੱਤੇ ਬਲਕਿ ਭਵਿਖ ਵਿਚ ਵਧੇਰੇ ਖੋਜ ਕਰਣ ਵਾਸਤੇ ਨਵੀਆਂ ਦਿਸ਼ਾਵਾਂ ਵੀ ਪ੍ਰਦਾਨ ਕੀਤੀਆਂ। ਸੁਸ਼੍ਰੀ ਮਧੂਬਾਲਾ ਦਵਾਰਾ ਲਿਖਿਤ ਇਹ ਕਿਤਾਬ ਇਨ੍ਹਾਂ ਨਵੀਆਂ ਖੋਜਾਂ ਦਾ ਹੀ ਵੇਰਵਾ ਹੈ ਜਿਨ੍ਹਾਂ ਨੇ ਪੰਜਾਬ ਦੀ ਸਾਂਸਕ੍ਰਿਤਿਕ ਤਰੱਕੀ ਨੂੰ ਉਸਦਾ ਉਚਿਤ ਸਥਾਨ ਦਿਵਾਇਆ ਹੈ। ਇਹ ਖੋਜਾਂ ਹੀ ਪੰਜਾਬ ਦੇ ਪੁਰਾਤਨ ਸਮੇਂ ਵਿਚ ਦੇ ਸਾਂਸਕ੍ਰਿਤਿਕ ਵਿਕਾਸ (ਆਖੇਟ ਦਵਾਰਾ ਅੰਨ ਇਕੱਠਾ ਕਰਕੇ ਖਾਣ ਤੇ ਅੰਨ ਪੈਦਾ ਕਰਣ ਤੋਂ ਲੈਕੇ ਅੱਜ ਦੇ ਆਧੁਨਿਕ ਖੇਤੀਬਾੜੀ ਦੇ ਦੌਰ) ਨੂੰ ਆਧੁਨਿਕ ਇਤਿਹਾਸ ਨਾਲ ਜੋੜਦੀਆਂ ਹਨ। ਲੇਖਿਕਾ ਮਧੂਬਾਲਾ, ਜਿਨ੍ਹਾਂ ਨੇ ਆਪ ਕਈ ਖੁਦਾਈਆਂ ਵਿਚ ਹਿੱਸਾ ਲਿਆ ਨੇ, ਪੰਜਾਬ ਦੀ ਸਾਂਸਕ੍ਰਿਤਿਕ-ਇਤਿਹਾਸਕ ਤਰੱਕੀ ਨੂੰ ਸਾਹਿਤਕ ਛੋਹ ਦੇ ਕੇ ਸਬੂਤ ਵਜੋਂ ਪੇਸ਼ ਕਰਣ ਦਾ ਯਤਨ ਕੀਤਾ ਹੈ। ਖੁਦਾਈ ਕੀਤੇ ਗਏ ਸਥਾਨਾਂ ਦੀ ਹੁਣ ਤੱਕ ਦੀ ਸੂਚੀ ਦੇ ਕੇ ਲੇਖਿਕਾ ਨੇ ਅਪਣੀ ਵਿਚਾਰਧਾਰਾ ਨੂੰ ਹੋਰ ਪੁਖਤਾ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਿਆਰਥੀ ਅਤੇ ਆਮ ਆਦਮੀ, ਪੁਰਾਤਤਵਵੇਤਾਵਾਂ ਵਾਸਤੇ ਪ੍ਰਸਤੁਤ ਕਿਤਾਬ ਬਹੁਤ ਹੀ ਮਹਤਵਪੂਰਨ ਸਥਾਨ ਰਖਦੀ ਹੈ। ਇਸ ਵਿਚ ਪਹਿਲੀ ਵਾਰ ਹਰਿਆਣਾ ਅਤੇ ਪੰਜਾਬ ਵਿਚ ਕਈ ਥਾਵਾਂ ਤੋਂ ਮਿਲੀਆਂ ਹੜੱਪਾ ਉਤਰ ਸੱਭਤਾ ਅਤੇ ਸਲੇਟੀ ਚਿਤਰਿਤ ਪਾਤਰ ਸੱਭੱਤਾ ਦੇ ਨਾਲ ਨਾਲ ਲਗਾਤਾਰ ਮਿਲਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਪ੍ਰਮਾਣ ਇਕ ਇਕੱਲੀ ਵਿਚਾਰਧਾਰਾ ਤੇ ਆਧਾਰਿਤ ਨਹੀਂ ਜਿਹੜੀ ਕਿ ਪੰਜ ਥਾਵਾਂ (ਭਗਵਾਨਪੁਰਾ, ਦਧੇਰੀ, ਨਗਰ, ਕਠਪਾਲੋਂ ਅਤੇ ਸੰਘੋਲ ਆਦਿ) ਦੀਆਂ ਖੁਦਾਈਆਂ ਤੋਂ ਮਿਲੇ ਹਨ ਸਗੋਂ ਇਕ ਬਹੁਤ ਵਿਸਤ੍ਰਿਤ ਹਿੱਸੇ 1700 ਈ. ਪੂ. ਤੋਂ ਲੈਕੇ 1300 ਈ. ਪੂ. ਤੱਕ ਨਾਲ ਸੰਬੰਧਤ ਹਨ।

ਇਹ ਕਿਤਾਬ ਪ੍ਰਾਕ ਹੜੱਪਾ, ਹੜੱਪਾ, ਸੱਭਿਅਤਾ ਦੇ ਸਥਾਨਾਂ ਦੇ ਵਾਸ ਨਮੂਨਿਆਂ ਦੇ ਰੋਚਕ ਸਬੂਤ ਪੇਸ਼ ਕਰਦੀ ਹੈ, ਜਿਨ੍ਹਾਂ ਦਾ ਜਮਾਵ ਸਰਹਿੰਦ ਨਾਲੇ ਤੇ ਸੀ।

ਇਤਿਹਾਸਕ ਪਰਿਪੇਖ ਵਿਚ ਸੰਘੋਲ ਦੀ ਖੁਦਾਈਆਂ ਵਿਚ ਹੋਈਆਂ ਨਵੀਆਂ ਖੋਜਾਂ ਅਤੇ ਮਥੁਰਾ ਕਲਾ ਦੀਆਂ ਮਿਲੀਆਂ ਮੂਰਤੀਆਂ ਦਾ ਜ਼ਿਕਰ, ਇਸ ਕਿਤਾਬ ਵਿਚ ਕੀਤੇ ਗਏ ਵਿਸ਼ਲੇਸ਼ਣ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਆਸ ਹੈ ਇਹ ਕਿਤਾਬ ਪੁਰਾਤੱਤਵ ਵਿਦਿਆਰਥੀਆਂ ਅਤੇ ਆਮ ਪੜ੍ਹਨ ਵਾਲਿਆਂ ਨੂੰ ਵੀ ਰੋਚਕ ਅਤੇ ਗਿਆਨ ਵਰਧਕ ਲਗੇਗੀ।

ਬੀ. ਕੇ. ਥਾਪਰ
ਪੂਰਵ-ਡਾਇਰੈਕਟਰ ਜਨਰਲ
ਭਾਰਤੀ ਪੁਰਾਤੱਤਵ ਸਰਵੇਖਣ
ਨਵੀਂ ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖਬੰਧ

ਪ੍ਰਸਤੁਤ ਪੁਸਤਕ ਦਾ ਮੁਖ ਉਦੇਸ਼ ਪੰਜਾਬ ਦੇ ਆਰੰਭਕ ਪੁਰਾਤਨ ਕਾਲ ਤੋਂ ਲੈ ਕੇ ਕੁਸ਼ਾਨ ਕਾਲ ਦੀ ਸਭਿਅਤਾ ਦੇ ਬਾਰੇ ਤਕ ਜਾਣਕਾਰੀ ਦੇਣਾ ਹੈ। ਇਸ ਪੁਸਤਕ ਵਿਚ ਪੰਜਾਬ ਦੇ ਬਾਰੇ 'ਚ ਸਾਹਿਤੱਕ ਪ੍ਰਮਾਣ, ਜਲਵਾਯੂ ਅਤੇ ਨਦੀਆਂ ਦਾ ਵੇਰਵਾ ਦਿੱਤਾ ਗਿਆ ਹੈ। ਵੱਖ ਵੱਖ ਸਰੋਤਾਂ ਤੋਂ ਸਾਹਿਤੱਕ ਪ੍ਰਮਾਣਾਂ ਦੇ ਅਧਾਰ ਤੇ ਪੰਜਾਬ ਦੀ ਪ੍ਰਾਚੀਨਤਾ ਪੰਜਾਬ ਦੇ ਵੱਖ ਵੱਖ ਕਾਲਾਂ ਦੇ ਗਣਰਾਜਾਂ ਦੇ ਬਾਰੇ ਚ ਜਾਣਕਾਰੀ ਦਿਤੀ ਗਈ ਹੈ। ਇਨ੍ਹਾਂ ਦੇ ਨਾਲ ਹੀ ਪ੍ਰਾਚੀਨ ਸਿੱਕੇ, ਲੇਖਾਂ ਅਤੇ ਮੁਦਰਾਵਾਂ ਦੇ ਅਧਾਰ ਨੂੰ ਵੀ ਲਿਆ ਗਿਆ ਹੈ। ਇਸਦੇ ਇਲਾਵਾ ਪ੍ਰਾਕ ਇਤਿਹਾਸਕ ਕਾਲ, ਨਵਪਾਸ਼ਾਨ ਕਾਲ, ਪ੍ਰਾਕ ਹੱੜਪਾ. ਹੱੜਪਾ, ਹੱੜਪਾ ਉੱਤਰ ਕਾਲ, ਸਲੇਟੀ ਚਿਤਰਿਤ ਪਾਤਰ ਸੱਭਤਾ ਉੱਤਰੀ ਕਾਲੇ ਚਮਕੀਲੇ ਪਾਤਰ ਸੱਭਤਾ ਅਤੇ ਕੁਸ਼ਾਨ ਕਾਲ ਦੀਆਂ ਥਾਵਾਂ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ।

ਭਾਰਤ ਦੀ ਵੰਡ ਤੋਂ ਬਾਦ ਪੰਜਾਬ ਚ ਹੋਈਆਂ ਖੁਦਾਈਆਂ ਅਤੇ ਅਣਵੇਖਣ ਦੇ ਦੌਰਾਣ ਮਿਲੀਆਂ ਥਾਵਾਂ ਦੇ ਬਾਰੇ ਚ ਵਿਸਤਾਰ ਰੂਪ ਚ ਵਰਨਨ ਕੀਤਾ ਗਿਆ ਹੈ। ਇਸ ਪੁਸਤਕ ਦੀ ਵਿਸ਼ੇ ਸਾਮਗ੍ਰੀ ਅਤੇ ਫੋਟੋ ਆਦਿ ਪੁਰਾਵਿਦਾਂ ਦੇ ਲਿਖੇ ਹੋਏ ਪ੍ਰਮਾਣਾਂ ਤੇ ਅਧਾਰਤ ਹਨ। ਭਾਰੀ ਮਾਤਰਾ ਚ ਹੋਏ ਅਣਵੇਖਣ ਅਤੇ ਖੁਦਾਈਆਂ ਦਾ ਅਧਾਰ ਲੇਖਿਕਾ ਦੇ ਅਪਣੀ ਟੀਮ ਦਵਾਰਾ ਕੀਤੇ ਗਏ ਪਿੰਡਾਂ ਚ ਅਤੇ ਵੱਖ ਵੱਖ ਥਾਵਾਂ ਹਨ। ਇਸ ਪੁਸਤਕ ਚ ਸਾਹਿਤੱਕ ਪ੍ਰਮਾਣਾਂ ਦੇ ਨਾਲ ਨਾਲ ਪੁਰਾਤਾਤਵਿਕ ਖੁਦਾਈਆਂ ਰਾਹੀਂ ਹੋਈਆਂ ਉਪਲਬਧੀਆਂ ਦਾ ਵਰਨਣ ਵੀ ਕੀਤਾ ਗਿਆ ਹੈ। ਥਾਵਾਂ ਦੇ ਨਾਮ ਅਜਕਲ ਪ੍ਰਚਲਤ ਹੀ ਦਿੱਤੇ ਗਏ ਹਨ।

ਸਭ ਤੋਂ ਪਹਿਲਾਂ ਅਪਣੇ ਉਨ੍ਹਾਂ ਸਾਰਿਆਂ ਗੁਰੂਆਂ ਨੂੰ ਨਮਸਕਾਰ ਕਰਦੀ ਹਾਂ ਜਿਨ੍ਹਾਂ ਕਾਰਣ ਮੈਂ ਇਸ ਕਿਤਾਬ ਨੂੰ ਲਿਖਣ ਵਿਚ ਸਫਲ ਹੋ ਸਕੀ। ਉਨ੍ਹਾਂ ਦੇ ਆਸ਼ੀਰਵਾਦ ਅਤੇ ਕ੍ਰਿਪਾ ਨਾਲ ਹੀ ਇੰਨਾ ਲਿਖ ਸਕਣਾ ਹੋ ਸਕਿਆ। ਮੈਂ ਭਾਰਤੀ ਪੁਰਾਤਤਵ ਸਰਵੇਖਣ ਦੇ ਪੁਰਾਵਿਦਾਂ ਦੀ ਵੀ ਅਭਾਰੀ ਹਾਂ ਜਿਨ੍ਹਾਂ ਕਾਰਣ ਮੈਨੂੰ ਪੁਰਾਤੱਤਵ ਸੰਬੰਧੀ ਗਿਆਨ ਹੋਇਆ ਅਤੇ ਗੁਰਮੁਖੀ ਭਾਸ਼ਾ ਵਿਚ ਲਿਖਣਾ ਸੰਭਵ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮੁਖੀ ਭਾਸ਼ਾ ਵਿਚ ਪੁਰਾਤੱਤਵ ਸੰਬੰਧੀ ਬਹੁਤ ਘੱਟ ਲਿਖਿਆ ਗਿਆ ਹੈ ਅਤੇ ਮੈਨੂੰ ਇਸ ਗੱਲ ਦਾ ਫਖਰ ਹੈ ਕਿ ਜਿਸ ਧਰਤੀ ਤੇ ਮੈਂ ਜਨਮ ਲੀਤਾ ਉਸ ਖੇਤਰ ਦੇ ਬਾਰੇ ਵਿਚ ਮੈਂ ਅਪਣੀ ਪ੍ਰਾਚੀਨ ਸੰਸਕ੍ਰਿਤੀ ਦੇ ਬਾਰੇ ਵਿਚ ਕੁਝ ਕੰਮ ਕਰ ਪਾਈ।

ਇਸ ਪੁਸਤਕ ਦੇ ਲਿਖਣ ਵਿਚ ਮੈਂ ਸਭ ਤੋਂ ਪਹਿਲਾਂ ਸ਼੍ਰੀ ਬੀ. ਕੇ ਥਾਪਰ ਪੂਰਵ ਡਾਇਰੈਕਟਰ ਜਨਰਲ ਦੀ ਅਭਾਰੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦਾ ਆਮੁਖ ਲਿਖਿਆ। ਇਸ ਦੇ ਨਾਲ ਹੀ ਮੈਂ ਸ਼੍ਰੀ ਜਗਤਪਤੀ ਜੋਸ਼ੀ ਡਾਇਰੈਕਟਰ ਜਨਰਲ, ਭਾਰਤੀ ਪੁਰਾਤੱਤਵ ਸਰਵੇਖਣ, ਨਵੀਂ ਦਿੱਲੀ ਦੀ ਅਭਾਰੀ ਹਾਂ ਜਿਨ੍ਹਾਂ ਦੇ ਨਿਰਦੇਸ਼ਨ ਹੇਠ ਮੈਂ ਇਸ ਨੂੰ ਲਿਖ ਪਾਈ।

ਇਸ ਦੇ ਇਲਾਵਾ ਮੈਂ ਡਾ. ਅਗਮ ਪ੍ਰਸ਼ਾਦ ਜੀ ਦੀ ਧਨਵਾਦੀ ਹਾਂ ਜਿਨ੍ਹਾਂ ਨੇ ਸਮੇਂ ਸਮੇਂ ਤੇ ਅਪਣਾ ਪਰਾਮਰਸ਼ ਅਤੇ ਸਹਯੋਗ ਦਿੱਤਾ। ਇਨ੍ਹਾਂ ਦੇ ਇਲਾਵਾ ਮੈਂ ਸ਼੍ਰੀ ਵਿਜੇ ਕੁਮਾਰ ਚਿਤਰਕਾਰ, ਸ਼੍ਰੀ ਜੇ. ਆਰ. ਬਤਰਾ. ਸ਼੍ਰੀ ਮਨੋਹਰ ਲਾਲ, ਸ਼੍ਰੀ ਭਗਤ, ਸ਼੍ਰੀ ਲਕਸ਼ਮੀਨਰੈਣ ਆਦਿ ਸਭ ਦੀ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਯੋਗ ਨਾਲ ਇਸ ਕਿਤਾਬ ਨੂੰ ਪੂਰਾ ਕਰ ਸਕੀ।

ਮੈਂ ਭਾਰਤੀ ਪੁਰਾਤੱਤਵ ਸਰਵੇਖਣ ਦੀ ਅਭਾਰੀ ਹਾਂ ਜਿਸ ਦਵਾਰਾ ਮੇਰਾ ਫੋਟੋ ਆਦਿ ਹੋਰ ਪੁਰਾਤਾਤੱਵਿਕ ਸਾਮਗ੍ਰੀ ਦੇ ਬਾਰੇ ਵਿਚ ਲੈਣਾ ਸੰਭਵ ਹੋ ਪਾਇਆ। ਨਾਲ ਹੀ ਮੈਂ 'ਸਵਾਤੀ' ਸੰਸਥਾ ਦੀ ਅਭਾਰੀ ਹਾਂ ਜਿਸਨੇ ਸੁੰਦਰ ਰੂਪ ਵਿਚ ਇਸ ਪੁਸਤਕ ਨੂੰ ਛਾਪਿਆ।

ਆਖਿਰ ਵਿਚ ਮੈਂ ਅਪਣੇ ਸਾਰੇ ਸ਼ੁਭ ਚਿੰਤਕ ਮਿੱਤਰ ਅਤੇ ਸਾਥੀਆਂ ਦੀ ਵਿਸ਼ੇਸ਼ ਰੂਪ ਵਿਚ ਅਭਾਰੀ ਹਾਂ ਜਿਨਾਂ ਦੇ ਉਤਸਾਹ ਅਤੇ ਸਹਯੋਗ ਨਾਲ ਇਸ ਪੁਸਤਕ ਨੂੰ ਪੂਰਾ ਕਰ ਸਕੀ। ਇਸ ਕਿਤਾਬ ਦੇ ਲਿਖਣ ਵਿਚ ਕਿਸੀ ਤਰ੍ਹਾਂ ਦੀ ਵੀ ਕੋਈ ਕਮੀ ਰਹਿ ਗਈ ਹੋਵੇ ਤਾਂ ਮੈਂ ਪਾਠਕਾਂ ਕੋਲੋਂ ਮਾਫੀ ਚਾਹੁੰਦੀ ਹਾਂ।

ਮਧੂਬਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਤ੍ਰ ਸੂਚੀ

1. ਰੋਹੀੜਾ—ਸਿਲਸਲੇਵਾਰ ਖੁਦਾਈ ਦਾ ਨਜ਼ਾਰਾ
2. ਰੋਪੜ—ਹੜੱਪਾ ਕਾਲੀਨ ਬਰਤਨ
3. ਰੋਪੜ—ਹੜੱਪਾ ਕਾਲੀਨ ਬਰਤਨ
4. ਰੋਪੜ—ਖੁਦਾਈ ਚੋਂ ਮਿਲੀਆਂ ਮੁਦਰਾਵਾਂ
5. ਰੋਪੜ—ਹੜੱਪਾ ਕਾਲੀਨ ਚੂੜੀਆਂ ਅਤੇ ਮੋਤੀ (ਇਕ ਕਬਰ ਚੋਂ)
6. ਰੋਪੜ—ਹੱਡੀ ਦੀਆ ਬਣੀਆਂ ਵਸਤਾਂ
7. ਰੋਪੜ—ਮਿੱਟੀ ਦੇ ਬਣੇ ਖਿਡੌਣੇ
8. ਰੋਪੜ—ਚਾਂਦੀ ਦਾ ਬਣਿਆ ਬਰਤਨ
9. ਰੋਪੜ—ਵੀਣਾ ਵਾਦਿਨੀ
10. ਰੋਪੜ—ਖੁਦਾਈ ਚੋਂ ਮਿਲਿਆ ਰਿੰਗ ਵੈਲ
11. ਰੋਪੜ—ਹੌਜ਼ ਦੀ ਪੁਸ਼ਤਾ ਕੰਧ
12. ਚੰਡੀਗੜ੍ਹ—ਖੁਦਾਈ 'ਚੋਂ ਮਿਲੇ ਮਿੱਟੀ ਦੇ ਖਿਡੌਣੇ (2300-1750 ਈ. ਪੂ.)
13. ਚੰਡੀਗੜ੍ਹ—ਹੜੱਪਾ ਕਾਲੀਨ ਮਿੱਟੀ ਦੇ ਕਈ ਤਰ੍ਹਾਂ ਦੇ ਬਰਤਨ (2300-1750 ਈ. ਪੂ.)
14. ਚੰਡੀਗੜ੍ਹ—ਵੱਖ ਵੱਖ ਤਰ੍ਹਾਂ ਦੇ ਖਿਡੌਣੇ (2300-1750 ਈ. ਪੂ.)
15. ਚੰਡੀਗੜ੍ਹ—ਮਿੱਟੀ ਦੇ ਖਿਡੌਨੇ (2300-1750 ਈ. ਪੂ.)
16. ਚੰਡੀਗੜ੍ਹ—ਤਾਂਬੇ ਦੇ ਬਣੇ ਗਹਿਣੇ (2300-1750 ਈ. ਪੂ.)
17. ਚੰਡੀਗੜ੍ਹ—ਸਿੰਧੂ ਲਿਪੀ ਨਾਲ ਉਕਰਿਆ ਮਿੱਟੀ ਦਾ ਬਰਤਨ (2300-1750 ਈ. ਪੂ.)
18. ਚੰਡੀਗੜ੍ਹ—ਹੜੱਪਾ ਕਾਲੀਨ ਲਿਪੀ (2300-1750 ਈ. ਪੂ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

19. ਚੰਡੀਗੜ੍ਹ—ਮਿੱਟੀ ਦੇ ਬਰਤਨ
(2300-1750 ਈ. ਪੂ.)
20. ਚੰਡੀਗੜ੍ਹ—ਉੱਕਰੇ ਹੋਏ ਨਮੂਨੇ ਵਾਲੇ ਬਰਤਨ
21. ਚੰਡੀਗੜ੍ਹ—ਬਰਤਨਾਂ ਦੇ ਅਵਸ਼ੇਸ਼
22. ਚੰਡੀਗੜ੍ਹ—ਪਥੱਰ ਦੇ ਸਿੱਲ ਵੱਟੇ
23. ਸੰਘੋਲ—ਖੁਦਾਈ ਦੇ ਦੌਰਾਨ ਵੱਖ ਵੱਖ ਕਾਲਾਂ ਦੀਆਂ ਪਰਤਾਂ ਦੇ ਨਿਸ਼ਾਨ ਲਗਾਉਂਦੇ ਹੋਏ ਖੋਦਕ
24. ਸੰਘੋਲ—ਇਕ ਸੁੰਦਰੀ (ਕੁਸ਼ਾਣ ਕਾਲ)
25. ਸੰਘੋਲ—ਸ਼ੀਸ਼ਾ ਵੇਖਦੇ ਹੋਏ ਸੁੰਦਰੀ (ਕੁਸ਼ਾਣ ਕਾਲ)
26. ਸੰਘੋਲ- ਸ਼ਾਲਭੰਜਿਕਾ, (ਕੁਸ਼ਾਣ ਕਾਲ)
27. ਸੰਘੋਲ—ਉਪਾਸਿਕਾ (ਕੁਸ਼ਾਣ ਕਾਲ)
28. ਸੰਘੋਲ—ਵਰਿਖ ਥੱਲੇ ਖੜੀ ਸੁੰਦਰੀ (ਕੁਸ਼ਾਣ ਕਾਲ)
29. ਸੰਘੋਲ—ਸੁੰਦਰੀ (ਕੁਸ਼ਾਣ ਕਾਲ)
30. ਸੰਘੋਲ—ਸੁੰਦਰੀ (ਕੁਸ਼ਾਣ ਕਾਲ)
31. ਸੰਘੋਲ—ਸੁੰਦਰੀ (ਕੁਸ਼ਾਣ ਕਾਲ)
32. ਸੰਘੋਲ—ਸੁੰਦਰੀ (ਕੁਸ਼ਾਣ ਕਾਲ)
33. ਸੰਘੋਲ—ਸ਼ਾਲਭੰਜਿਕਾ (ਕੁਸ਼ਾਣ ਕਾਲ)
34. ਸੰਘੋਲ—ਸ਼ਾਲਭੰਜਿਕਾ (ਕੁਸ਼ਾਣ ਕਾਲ)
35. ਸੰਘੋਲ—ਸ਼ਾਲਭੰਜਿਕਾ (ਕੁਸ਼ਾਣ ਕਾਲ)
36. ਸੰਘੋਲ—ਸ਼ਾਲਭੰਜਿਕਾ (ਕੁਸ਼ਾਣ ਕਾਲ)
37. ਸੰਘੋਲ—ਮਾਂ ਤੇ ਬੱਚਾ (ਕੁਸ਼ਾਣ ਕਾਲ)
38. ਸੰਘੋਲ—ਸੁਰਾਪਾਣ ਕਰਦੀ ਹੋਈ ਸੁੰਦਰੀ (ਦੂਜੀ ਸ਼ਤਾਬਦੀ)
39. ਸੰਘੋਲ—ਸੂਚੀ
40. ਸੰਘੋਲ—ਸੂਚੀ
41. ਬਾੜਾ—ਕਈ ਡਿਜ਼ਾਇਨਾਂ ਦੇ ਉਕਰੇ ਹੋਏ ਮਿੱਟੀ ਦੇ ਬਰਤਨ (ਲਗਭਗ 1700 ਈ. ਪੂ.)
42. ਬਾੜਾ—ਕਈ ਅਕਾਰਾਂ ਦੇ ਮਿੱਟੀ ਦੇ ਬਰਤਨ (ਲਗਭਗ 1700 ਈ. ਪੂ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

43. ਬਾੜਾ—ਕਈ ਤਰ੍ਹਾਂ ਦੇ ਚਿਤਰਿਤ ਬਰਤਨ (ਲਗਭਗ 1700 ਈ. ਪੂ.)

44. ਬਾੜਾ—ਮਿੱਟੀ ਦੇ ਬਰਤਨ (ਲਗਭਗ 1700 ਈ. ਪੂ.)

45. ਬਾੜਾ—ਚਿਤਰਿਤ ਬਰਤਨ (ਲਗਭਗ 1700 ਈ. ਪੂ.)

46. ਨਗਰ—ਖੁਦਾਈ ਚੋਂ ਮਿਲੇ ਕਈ ਤਰ੍ਹਾਂ ਦੇ ਅਵਸ਼ੇਸ਼ (ਲਗਭਗ 1500 ਈ. ਪੂ.)

47. ਦਧੇਰੀ—ਖੁਦਾਈ ਚੋਂ ਮਿਲਿਆ ਪੂਰਾ ਅਨਾਜ ਰਖਣ ਲਈ ਮਿੱਟੀ ਦਾ ਘੜਾ (ਲਗਭਗ 1500 ਈ. ਪੂ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਆਮੁਖ 7

ਮੁਖਬੰਧ 9

ਚਿਤ੍ਰ-ਸੂਚੀ 11

1. ਭੂਮਿਕਾ 17
   - ਭੂਗੋਲਕ ਪਰਿਪੇਖ 17
   - ਨਦੀਆਂ ਦਾ ਵਿਸਤਾਰ 20
2. ਪੌਰਾਣਕ ਪਰਿਪੇਖ 25
   - ਇਤਿਹਾਸਕ ਪ੍ਰਮਾਣ 25
3. ਪ੍ਰਾਕ ਇਤਿਹਾਸਕ ਕਾਲ, ਆਦਿ ਇਤਿਹਾਸਕ ਕਾਲ ਤੇ ਇਤਿਹਾਸਕ ਕਾਲ 29
   - ਗਣਰਾਜ 29
   - ਲਿਖਤ ਪ੍ਰਮਾਣ 30
   - ਪੁਰਾਤਾਤਵੱਕ ਪ੍ਰਮਾਣ 35
   - ਪੂਰਵ ਪਾਸ਼ਾਨ ਕਾਲ 36
   - ਨਵ ਪਾਸ਼ਾਨ ਕਾਲ 39
   - ਪ੍ਰਾਕ ਹੜੱਪਾ ਸੱਭਤਾ 41
   - ਹੜੱਪਾ ਸੱਭਤਾ 47
   - ਸਲੇਟੀ ਚਿਤਰਿਤ ਪਾਤੱਰ ਸੱਭਤਾ 54
   - ਉੱਤਰੀ ਕਾਲੇ ਚਮਕੀਲੇ ਪਾਤੱਰ ਸੱਭਤਾ 55

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੜੱਪਾ ਪਿਛੇਰੀ ਸੱਭਤਾ 62
ਪਿਛੇਰੀ ਹੜੱਪਾ ਸੱਭਤਾ ਦੇ ਸਥਾਨ 69
ਸਲੇਟੀ ਚਿਤਰਿਤ ਪਾਤਰ ਸੱਭਤਾ 76
ਕਾਲੇ ਲੇਪਤ ਬਰਤਨ 87
ਉਤੱਰੀ ਕਾਲੇ ਚਮਕੀਲੇ ਪਾਤੱਰ ਸੱਭਤਾ 87
ਕੁਸ਼ਾਨ ਕਾਲ 94
ਗ੍ਰੰਥ-ਸੂਚੀ 111

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1

ਭੂਮਿਕਾ

ਭੂਗੋਲਿਕ ਪਰਿਪੇਖ

ਵਰਤਮਾਨ ਪੰਜਾਬ ਭਾਰਤੀ ਖੇਤਰ ਵਿਚ ਵਿਥਕਾਰ 29°45′ N, 74°5′ E ਅਤੇ ਲੰਬਕਾਰ 32°30′N-76°55′ E ਦੇ ਵਰਗੀਕਰਣ ਚ ਸਥਿਤ ਹੈ। ਇਹ ਭਾਰਤ ਦੇ ਉਤੱਰ-ਪੱਛਮੀ ਸੀਮਾ ਦੇ ਇਕ ਤਿਕੋਨੇ ਜਿਹੇ ਟੁਕੜੇ ਦੇ ਰੂਪ ਵਿਚ ਵਿਦਮਾਨ ਹੈ। ਇਕ ਮਸ਼ਹੂਰ ਕਵੀ ਅਨੁਸਾਰ ਇਹ (ਪੰਜਾਬ) ਸਰਤਾਜ ਦੀ ਤਰ੍ਹਾਂ ਇਕ ਵਿਸ਼ਾਲ ਛੱਤਰ ਦੇ ਰੂਪ ਚ ਖੜਾ ਕਾਫੀ ਲੰਬੇ ਸਮੇਂ ਤੋਂ ਇਕ ਅਡਿਗ ਦੁਆਰ ਦੇ ਵਾਂਗ ਡੱਟਿਆ ਰਿਹਾ ਹੈ ਜਿਸ ਵਿੱਚੋਂ ਆਰੀਆ ਸੱਭਤਾ ਤੋਂ ਲੈਕੇ ਮੁਸਲਮ ਰਾਜਿਆਂ ਤੱਕ ਦਾ ਦਾਖਲਾ ਹੁੰਦਾ ਰਿਹਾ।

ਪੰਜਾਬ ਜਿਸਦੇ ਨਾਮ ਤੋਂ ਹੀ ਅਹਸਾਸ ਹੁੰਦਾ ਹੈ ਪੰਜ ਨਦੀਆਂ ਦਾ ਖੇਤਰ ਉਹ ਹੈ ਪੰਜਾਬ। ਭਾਰਤੀ ਸਾਂਸਕ੍ਰਿਤਿਕ ਇਤਿਹਾਸ ਦਾ ਪਰਦਾ ਜਦੋਂ ਉਠਦਾ ਹੈ ਤਾਂ ਸਭ ਤੋਂ ਪਹਿਲਾਂ ਪੰਜਾਬ ਦੀ ਹਰੀ ਭਰੀ ਧਰਤੀ ਅਤੇ ਉਸ ਵਿਚ ਉਭਰਦੇ ਹੋਏ ਕਈ ਪ੍ਰਾਚੀਨ ਟੀਲੇ, ਟਿੱਬੇ ਅਤੇ ਥੇਹ ਨਜਰ ਦੇ ਸਾਹਮਣੇ ਘੁਮਣ ਲਗ ਪੈਂਦੇ ਹਨ। ਇਹ ਥੇਹ ਇਤਿਹਾਸ ਦੀਆਂ ਪਰਤਾਂ ਤੋਂ ਪ੍ਰਾਕ-ਹੜੱਪਾ ਸੰਸਕ੍ਰਿਤੀ, ਹੜੱਪਾ ਸੰਸਕ੍ਰਿਤੀ, ਵੈਦਕ ਸੰਸਕ੍ਰਿਤੀ ਅਤੇ ਮਹਾਭਾਰਤ, ਰਾਮਾਇਣ, ਸ਼ਕ, ਕੁਸ਼ਾਨ, ਗੁਪਤ ਕਾਲ ਅਤੇ ਉਸਦੇ ਬਾਦ ਦੀ ਸਭਤਾਵਾਂ ਦੱਸਣ ਚ ਸਹਾਇਕ ਹਨ। ਪੰਜਾਬ ਹੀ ਇਕ ਅਜਿਹਾ ਪ੍ਰਦੇਸ਼ ਹੈ ਜੋਕਿ ਭਾਰਤ ਦੇ ਪ੍ਰਾਚੀਨ ਇਤਿਹਾਸ ਦਾ ਲੜੀਵਾਰ ਵੇਰਵਾ ਦਸਣ ਚ ਕਾਫੀ ਮਹਤਵਪੂਰਨ ਯੋਗਦਾਨ ਰਖਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਗੋਲਿਕ ਸੀਮਾਂ ਅਨੁਸਾਰ ਪ੍ਰਾਚੀਨ ਪੰਜਾਬ ਵਿਚ ਸਪਤ ਸਿੰਧੂ ਦਾ ਇਲਾਕਾ ਜਿਸਦਾ ਵਰਣਨ ਵੇਦਾਂ ਰਾਹੀਂ ਮਿਲਦਾ ਹੈ ਮਹਾਕਾਵਿਆਂ ਚ ਪੰਚਨਦ, ਗ੍ਰੀਕ ਇਤਿਹਾਸਕਾਰਾਂ ਅਨੁਸਾਰ ਪੈਂਟਾਪੋਟਾਸਮਿਆ ਅਤੇ ਫਾਰਸੀ ਸਰੋਤਾਂ ਅਨੁਸਾਰ ਪੰਜ ਨਦੀਆਂ ਦੀ ਧਰਤੀ ਆਉਂਦਾ ਹੈ। ਪੰਜਾਬ ਦਾ ਜਿਕਰ ਪਹਿਲਾਂ ਪਹਿਲ ਵੇਦਾਂ ਅਤੇ ਪੁਰਾਣਾਂ ਰਾਹੀਂ ਮਿਲਦਾ ਹੈ ਜਿਸ ਦੇ ਦਵਾਰਾ ਇਥੋਂ ਦੇ ਵਸਨੀਕਾਂ ਦੀ ਸੰਸਕ੍ਰਿਤੀ ਅਤੇ ਸੱਭਤਾ ਦੇ ਬਾਰੇ ਵਿਚ ਪਤਾ ਲਗਦਾ ਹੈ। ਇਸ ਧਰਤੀ ਨੂੰ ਬ੍ਰਹਮਰਸ਼ੀ ਦੇਸ਼ ਜਾ ਬ੍ਰਹਮਾਵਰਤ ਵੀ ਕਿਹਾ ਜਾਂਦਾ ਹੈ ਜਿਸਦਾ ਅਰਥ ਹੈ ਦੇਵਤਿਆਂ ਦੀ ਧਰਤੀ। ਭਾਰਤ ਦੇ ਸਾਂਸਕ੍ਰਿਤਿਕ ਇਤਿਹਾਸ ਵਿਚ ਪੰਜਾਬ ਦਾ ਸ਼ੁਰੂ ਤੋਂ ਹੀ ਬਹੁਤ ਮਹਤਵਪੂਰਣ ਯੋਗਦਾਨ ਰਿਹਾ ਹੈ। ਵਰਤਮਾਨ ਪੰਜਾਬ ਚ ਰਾਵੀ, ਬਿਆਸ ਅਤੇ ਸਤਲੁਜ ਦੀਆਂ ਕਲ ਕਲ ਕਰਦੀਆਂ ਤਰੰਗਾਂ ਦੇ ਪਵਿੱਤਰ ਜਲ ਨਾਲ ਸਿੰਜਦੀ ਹੋਈ ਇਸ ਹਰੀ ਭਰੀ ਲਹਲਹਾਂਦੀ ਧਰਤੀ ਤੇ ਅਨੇਕਾਂ ਸੰਸਕ੍ਰਿਤੀਆਂ ਦਾ ਉਦਗਮ ਅਤੇ ਪ੍ਰਸਾਰ ਹੋਇਆ। ਦੂਰ ਦੂਰ ਤੱਕ ਦੁਧ ਚਾਨਣੀ ਵਾਂਗ ਸਫੇਦ ਬਰਫ ਨਾਲ ਢੱਕੀਆਂ ਹੋਈਆਂ ਲੜੀਵਾਰ ਪੋਲਾਕਾਰ ਪਹਾੜੀਆਂ ਇਸਦੀ ਖੂਬਸੂਰਤੀ ਨੂੰ ਚਾਰ ਚੰਦ ਲਗਾਂਦੀਆਂ ਹੋਈਆਂ ਇਕ ਖਮੋਸ਼ ਅਤੇ ਮਜ਼ਬੂਤ ਪਹਰੇਦਾਰ ਦੀ ਤਰ੍ਹਾਂ ਖੜੇ ਪੰਜਾਬ ਦੇ ਮਹਾਨ ਅਤੀਤ ਦੀਆਂ ਸਾਥੀ ਹਨ।

ਇਸੇ ਸੁੰਦਰ ਧਰਤੀ ਤੇ ਮੰਤਰ ਦ੍ਰਸ਼ਟਾ ਰਿਸ਼ੀਆਂ ਨੇ ਸੰਸਾਰ ਦੀ ਸਭ ਤੋਂ ਪ੍ਰਾਚੀਨ ਰਚਨਾ ਰਿਗਵੇਦ ਇਥੋਂ ਦੀਆਂ ਨਦੀਆਂ ਦੇ ਕੰਢੇ ਤੇ ਕੀਤੀ। ਪੰਜਾਬ ਇਕ ਪਾਸੇ ਹਿਮਾਚਲ ਪ੍ਰਦੇਸ਼ ਦੀਆਂ ਸ਼ਿਵਾਲਕ ਪਹਾੜੀਆਂ ਚ ਘਿਰਿਆ ਹੋਇਆ ਅਤੇ ਦੂਜੇ ਪਾਸੇ ਜੰਮੂ ਕਸ਼ਮੀਰ ਦੀ ਹੱਦ ਨੂੰ ਛੂੰਦਾ ਹੋਇਆ ਪ੍ਰਦੇਸ਼ ਹੈ। ਇਸ ਦੇ ਇਕ ਪਾਸੇ ਤੇ ਰਾਜਸਥਾਨ ਅਤੇ ਦੂਸਰੀ ਤਰਫ ਹਰਿਆਣਾ ਪ੍ਰਦੇਸ਼ ਇਸਨੂੰ ਸਪਰਸ਼ ਕਰਦਾ ਹੈ। ਇਹ ਪ੍ਰਦੇਸ਼ ਭਾਰਤ ਦੀ ਉਤੱਰ-ਪਛੱਮੀ ਸੀਮਾ ਤੇ ਇਕ ਉਪ-ਮਹਾਦੀਪ ਦੇ ਰੂਪ ਚ ਹਿਮਾਲਯ ਦੇ ਪੱਬਾਂ ਚ ਵਿਦਮਾਨ ਹੈ।

ਇਕ ਲੇਖਕ ਦੇ ਸ਼ਬਦਾਂ ਚ "ਪੰਜਾਬ ਧਰਤੀ ਦਾ ਉਹ ਸੁੰਦਰ ਟੁਕੜਾ ਹੈ ਜਿਸਦੇ ਅਸਮਾਨਾਂ ਉਤੇ ਪਹਿਲੀ ਪਰਭਾਤ ਉਤਰੀ, ਜਿਸਦੇ ਤਪੋਬਨਾਂ ਵਿਚ ਸ਼ਾਮ ਦੇ ਗੀਤਾਂ ਦੀ ਪਹਿਲੀ ਕੂਕ ਉਠੀ, ਜਿਥੇ ਭਾਰਤ ਦੇ ਪਹਿਲੇ ਸਭਿਅਕ ਮਨੁਖ ਨੇ ਜਨਮ ਲਿੱਤਾ ਅਤੇ ਭਾਰਤ ਦੀ ਸੰਸਕ੍ਰਿਤੀ ਦਾ ਪਹਿਲਾਂ-ਪਹਿਲ ਉਦਗਮ ਹੋਇਆ"। ਰਿਗਵੇਦ ਚ ਵੀ ਸਿੰਧ ਅਤੇ ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਕਈ ਵਾਰ ਆਉਣ ਨਾਲ ਇਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਮਾਨਤ ਹੁੰਦਾ ਹੈ ਕਿ ਇਸਦੇ ਕੁਝ ਭਾਗਾਂ ਦੀ ਰਚਨਾ ਵੀ ਇਸੇ ਪੰਜ ਨਦੀਆਂ ਦੇ ਦੇਸ਼ ਵਿਚ ਹੀ ਹੋਈ ਹੋਣੀ ਹੈ।

ਜਲਵਾਯੂ ਦੇ ਲਿਹਾਜ ਨਾਲ ਵੀ ਇਹ ਇਲਾਕਾ ਬਹੁਤ ਹੀ ਵਧੀਆ ਮੰਨਿਆ ਜਾਂਦਾ ਹੈ ਜਿਸਦਾ ਅੰਦਾਜ਼ਾ ਇਥੋਂ ਦੀ ਉਪਜਾਊ ਧਰਤੀ, ਚੰਗੀਆਂ ਹਰੀਆਂ-ਭਰੀਆਂ ਫਸਲਾਂ ਅਤੇ ਘਣੇ ਬੂਟੇ ਬਰਿਛਾਂ ਤੋਂ ਲਗਾਇਆ ਜਾ ਸਕਦਾ ਹੈ। ਇਥੋਂ ਦੇ ਵਸਨੀਕ ਸਾਰੀਆਂ ਰੁਤ ਦਾ ਅਨੰਦ ਉਠਾਉਂਦੇ ਹਨ। ਇਥੇ ਚੋਖੀ ਠੰਡ ਤੇ ਚੋਖੀ ਗਰਮੀ ਹੁੰਦੀ ਹੈ। ਇਨ੍ਹਾਂ ਦੋ ਮੁੱਖ ਰੁਤਾਂ ਦੇ ਇਲਾਵਾ ਬਾਕੀ ਰੁਤਾਂ ਵੀ ਅਪਣਾ ਨਜ਼ਾਰਾ ਵਿਖਾਉਂਦੀਆਂ ਨੇ। ਲਤੀਫ ਨਾਮਕ ਇਕ ਵਿਦਵਾਨ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਪੂਰਬ ਵਲ ਇਸ ਵੇਲੇ ਕੋਈ ਵੀ ਅਜਿਹਾ ਦੇਸ਼ ਨਹੀਂ ਹੈ ਜਿਵੇਂ ਕਿ ਪੰਜਾਬ। ਕੋਈ ਵੀ ਯਾਤਰੀ ਇਸ ਖੇਤਰ ਚੋਂ ਲੰਘਦਾ ਹੋਇਆ ਇਵੇਂ ਸੋਚਦਾ ਹੈ ਜਿਵੇਂ ਕਿ ਉਹ ਕਿਸੇ ਸੁੰਦਰ ਬਾਗ ਚੋਂ ਲੰਘ ਰਿਹਾ ਹੋਵੇ। ਨਾਲ ਹੀ ਇਸ ਧਰਤੀ ਨੂੰ 'ਹਰਿਤਵਸਨਾ' ਵੀ ਕਿਹਾ ਜਾਂਦਾ ਹੈ ਜਿਸਦਾ ਸੰਸਕ੍ਰਿਤ ਦਾ ਸ਼ਾਬਦਕ ਅਰਥ ਹੈ ਹਰੇ ਰੰਗ ਦੇ ਕਪੜਿਆਂ ਵਾਲੀ।

ਇਸ ਧਰਤੀ ਦੀ ਹਰਿਆਵਲ ਅਤੇ ਉਪਜਾਊ ਹੋਣ ਦਾ ਮੁੱਖ ਕਾਰਣ ਇਥੋਂ ਦੀਆਂ ਵਗਦੀਆਂ ਵਿਸ਼ਾਲ ਕਲ ਕਲ ਕਰਦੀਆਂ ਨਦੀਆਂ ਹਨ ਅਤੇ ਨਾਲ ਹੀ ਇਥੋਂ ਦੇ ਮਿਹਨਤੀ ਵਸਨੀਕਾਂ ਨੂੰ ਵੀ ਇਸਦਾ ਸਿਹਰਾ ਜਾਂਦਾ ਹੈ ਜਿਨ੍ਹਾਂ ਦੀ ਚੋਖੀ ਮਿਹਨਤ ਨਾਲ ਇਥੋਂ ਦੇ ਖੇਤਾਂ ਚ ਲਹਰ-ਬਹਰ ਹੋਈ।

ਪੰਜਾਬ ਦੇ ਖੁਸ਼ਹਾਲ ਹੋਣ ਦਾ ਯੋਗਦਾਨ ਇਥੋਂ ਦੀਆਂ ਨਦੀਆਂ ਨੂੰ ਵੀ ਕਾਫੀ ਮਾਤਰਾ ਚ ਜਾਂਦਾ ਹੈ। ਇਹ ਨਦੀਆਂ ਕਾਫੀ ਮਹਤੱਵਪੂਰਣ ਸਨ। ਵਰਤਮਾਨ ਪੰਜਾਬ ਦੀਆਂ ਤਿੰਨ ਮੁਖ ਨਦੀਆਂ ਨੇ ਰਾਵੀ, ਬਿਆਸ ਅਤੇ ਸਤਲੁਜ। ਜਿਸ ਖੇਤਰ ਨੂੰ ਇਹ ਤਿੰਨੇ ਨਦੀਆਂ ਸਿੰਜਦੀਆਂ ਹਨ ਉਸਨੂੰ 'ਤ੍ਰਿਗਰਤ' ਦਾ ਇਲਾਕਾ ਕਿਹਾ ਜਾਂਦਾ ਹੈ। ਸਰਵੇਖਣ ਕਰਣ ਮਗਰੋਂ ਇਹ ਅਨੁਮਾਨਤ ਹੁੰਦਾ ਹੈ ਕਿ ਕਿਸੇ ਵੇਲੇ ਇਹ ਸਾਰੀਆਂ ਨਦੀਆਂ ਕਾਫੀ ਵਿਸ਼ਾਲ ਰਹੀਆਂ ਹੋਣਗੀਆਂ। ਪੰਜਾਬ ਦੇ ਦੁਆਬੇਆਂ ਨੇ ਨਾਮ ਵੀ ਇਨ੍ਹਾਂ ਨਦੀਆਂ ਦੇ ਪਹਿਲੇ ਅਖੱਰਾਂ ਤੋਂ ਹੀ ਪਾਏ ਸਨ ਜਿਵੇਂ ਕਿ ਰਾਵੀ ਤੇ ਬਿਆਸ ਦੇ ਵਿਚ ਦਾ ਖੇਤਰ 'ਬਾਰੀ ਦੁਆਬ' ਅਤੇ ਬਿਆਸ ਤੇ ਸਤਲੁਜ ਦੇ ਵਿਚਲੇ ਖੇਤਰ ਨੂੰ 'ਬਿਸ਼ਟ ਜਲੰਧਰ' ਕਿਹਾ ਜਾਂਦਾ ਹੈ।

ਇਤਿਹਾਸ ਦੇ ਵੱਖ ਵੱਖ ਸਮਿਆਂ ਦੀ ਸਭਤਾਵਾਂ ਨੇ ਪੰਜਾਬ ਦੇ ਸਮਾਜਕ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਰਥਕ ਅਤੇ ਧਾਰਮਕ ਪਹਲੂਆਂ ਤੇ ਪਰਕਾਸ਼ ਪਾਇਆ ਹੈ। ਪੰਜਾਬ ਦੀ ਰਚਨਾ ਇਕ ਜਾਂ ਦੋ ਦਿਨ ਚ ਨਹੀਂ ਹੋਈ ਬਲਕਿ ਸਿੰਧੂ ਘਾਟੀ ਦੇ ਨਗਰ, ਵੈਦਕ ਰਿਸ਼ੀਆਂ ਦੀਆਂ ਰਿਚਾਵਾਂ ਦੀ ਗੂਜ ਅਤੇ ਬਾਦ ਦੀਆਂ ਸੱਭਤਾਵਾਂ, ਕਵੀਆਂ ਅਤੇ ਗੁਰੂਆਂ ਦੀਆਂ ਬਾਣੀਆਂ ਨੇ ਪੰਜਾਬ ਦੀ ਸ਼ਖਸੀਅਤ ਨੂੰ ਨਿਖਾਰਿਆ ਹੈ। ਇਸ ਲੰਬੇ ਯੁਗ ਦੀ ਕਹਾਣੀ ਨੇ ਪੰਜਾਬ ਦੇ ਰਹਿਣ ਸਹਿਣ ਅਤੇ ਸੱਭਤਾ ਨੂੰ ਇਕ ਸਾਂਚੇ ਚ ਢਾਲ ਦਿਤਾ ਹੈ ਜਿਸ ਵਿਚ ਅਤੀਤ ਦਾ ਬਹੁਤ ਕੁਝ ਵਿਦਮਾਨ ਹੈ।

ਪ੍ਰਾਚੀਨ ਇਤਿਹਾਸ ਦੀ ਜਾਣਕਾਰੀ ਦੇਣ ਚ ਪੁਰਾਤੱਤਵ ਦਾ ਬਹੁਤ ਵਡਾ ਯੋਗਦਾਨ ਰਿਹਾ ਹੈ ਜਿਸਦੇ ਰਾਹੀਂ ਪਤਾ ਲਗਦਾ ਹੈ ਕਿ ਕੌਣ ਲੋਗ ਕਿਸ ਵੇਲੇ ਕਿਸ ਤਰ੍ਹਾਂ ਰਹਿੰਦੇ ਸਨ ਜਿਸਦਾ ਪਰਮਾਣ ਪੁਰਾਤੱਤਵਕ ਖੁਦਾਈਆਂ ਚੋਂ ਮਿਲੇ ਅਵਸ਼ੇਸ਼ਾਂ ਰਾਹੀਂ ਮਿਲਦਾ ਹੈ। ਬਹੁਤ ਸਾਰੀਆਂ ਅਜਿਹਿਆਂ ਸੱਭਤਾਵਾਂ ਜੋ ਕਿ ਹਨੇਰੇ ਚ ਡੁਬੀਆਂ ਹੋਈਆਂ ਸਨ ਖੁਦਾਈ ਦੇ ਫਲਸਰੂਪ ਚਾਨਣ ਚ ਆ ਗਈਆਂ ਹਨ।

ਨਦੀਆਂ ਦਾ ਵਿਸਤਾਰ

ਉਪਰ ਲਿਖੀਆਂ ਹੋਈਆਂ ਤਿਨ੍ਹਾਂ ਨਦੀਆਂ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ :

ਸਤਲੁਜ :– ਵੈਦਕ ਇਤਿਹਾਸ ਅਨੁਸਾਰ ਪ੍ਰਾਚੀਨ ਸਮੇਂ ਚ ਇਸਨੂੰ ਸ਼ਤਦਰੁ ਜਾਂ ਸ਼ਤੁਦਰੀ ਕਿਹਾ ਜਾਂਦਾ ਸੀ ਜਿਸਦਾ ਜ਼ਿਕਰ ਰਿਗਵੇਦ ਚ ਵੀ ਆਉਂਦਾ ਹੈ। ਯੂਨਾਨੀ ਵਿਦਵਾਨਾਂ ਨੇ ਇਸਨੂੰ ਜਾਗਦਰੋਸ ਜਾਂ ਹੇਧੀਦਰੋਸ ਵੀ ਕਿਹਾ ਹੈ। ਮਾਰਕੰਡੇਯ ਅਤੇ ਭਾਗਵਤ ਪੁਰਾਣ ਅਤੇ ਯਾਸਕ ਦੇ ਨਿਰੁਕਤ ਵਿਚ ਵੀ ਇਸ ਨਦੀ ਦਾ ਜ਼ਿਕਰ ਹੋਇਆ ਹੈ।

ਇਹ ਦਰਿਆ ਤਿਬੱਤ ਦੀ ਮਾਨਸਰੋਵਰ ਝੀਲ ਚੋਂ ਜਿਸਦੀ ਉਚਾਈ ਕਰੀਬ 4640 ਮੀ. ਹੈ, ਨਿਕਲ ਕੇ ਕੈਲਾਸ਼ ਪਰਬਤ ਦੀਆਂ ਦਖਣੀ ਢਾਲਾਂ ਦੇ ਨਾਲ ਨਾਲ ਚੀਨ-ਤਿਬੱਤ ਦੀ ਸਰਹੱਦੀ ਚੌਂਕੀ ਵਲੋਂ ਹੁੰਦਾ ਹੋਇਆ ਉਤੱਰ-ਲਹਿੰਦੇ ਵਲ ਰਾਮਪੁਰ ਤੋਂ ਬਿਲਾਸਪੁਰ ਵੱਲ ਆ ਕੇ ਭਾਖੜੇ ਤੋਂ ਊਨਾਂ ਹੁੰਦਾ ਹੋਇਆ ਅਨੰਦਪੁਰ ਕੋਲ ਆ ਜਾਂਦਾ ਹੈ। ਇਸ ਤੋਂ ਬਾਦ ਰੋਪੜ ਦੇ ਉਤੱਰ ਵੱਲ ਸ਼ਿਵਾਲਕ ਦੀਆਂ ਪਹਾੜੀਆਂ ਚੋਂ ਨਿਕਲਕੇ ਹਰੀ-ਦੇ-ਪੱਤਨ ਕੋਲ ਬਿਆਸ ਨਦੀ ਚ ਜਾ ਮਿਲਦਾ ਹੈ ਅਤੇ ਫੇਰ ਪਾਕਿਸਤਾਨ ਚ ਬਹਾਵਲਪੁਰ ਦੇ ਉਤੱਰ ਵੱਲ ਚਨਾਬ ਅਤੇ ਰਾਵੀ ਨੂੰ ਵੀ ਨਾਲ ਹੀ ਮਿਲਾ ਲੈਂਦਾ ਹੈ। ਇਥੇ ਹੀ ਪੰਜ ਨਦੀਆਂ (ਸਤਲੁਜ, ਬਿਆਸ, ਰਾਵੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਨਾਬ ਅਤੇ ਜੇਹਲਮ) ਪੰਚਨਦ ਬਣਕੇ ਮਿਲ ਜਾਂਦੇ ਨੇ। ਕੁਝ ਵਿਦਵਾਨ ਸਤਲੁਜ ਨੂੰ ਸਰਸਵਤੀ ਨਦੀ ਦਾ ਹਿੱਸਾ ਮੰਨਦੇ ਹਨ।

7947

ਸਤਲੁਜ ਇਕ ਬਹੁਤ ਹੀ ਵਿਸ਼ਾਲ ਨਦੀ ਸੀ ਜ ਕਿ ਮੀਲਾਂ ਤੱਕ ਵੱਖ ਵੱਖ ਸਮੇਂ ਤੇ ਅਪਣਾ ਰੁਖ ਬਦਲਦੀ ਰਹੀ। ਯੂਨਾਨੀ ਇਤਿਹਾਸਕਾਰਾਂ ਅਨੁਸਾਰ ਆਰੀਆ ਸੱਭਤਾ ਵੇਲੇ ਸਤਲੁਜ ਇਕ ਸੁਤੰਤਰ ਦਰਿਆ ਸੀ ਜੋ ਕਿ ਬਾਦ ਵਿਚ ਹੁਣ ਕੱਛ ਚ ਜਾ ਮਿਲਦਾ ਸੀ। ਪਿਛਲੇ ਕਈ ਸਾਲਾਂ ਤੋਂ ਸਤਲੁਜ ਘੱਗਰ ਨੂੰ ਛੱਡ ਕੇ ਫੇਰ ਹਰੀ-ਕੇ ਪੱਤਨ ਕੋਲ ਬਿਆਸ ਚ ਜਾ ਮਿਲਦਾ ਹੈ। ਪਿਛਲੇ ਕੁਝ ਸਮੇਂ ਤੋਂ ਅਜੇ ਤੱਕ ਉਸ ਵਿਚ ਕੋਈ ਬਦਲਾਵ ਨਹੀਂ ਆਇਆ।

पुस्तकालय
कांगड़ी विश्वविद्यालय

ਬਿਆਸ :—ਪ੍ਰਾਚੀਨ ਸਮੇਂ ਵਿਚ ਇਸ ਨਦੀ ਨੂੰ ਵਿਪਾਸ਼ਾ ਨਾਮ ਨਾਲ ਜਾਣਿਆ ਜਾਂਦਾ ਸੀ। ਯੂਨਾਨੀ ਵਿਦਵਾਨ ਇਸਨੂੰ 'ਹਾਈਫਾਸਿਸ' ਜਾਂ ਹਾਈਪਾਸੀਸ ਵੀ ਕਹਿੰਦੇ ਸਨ। ਵਿਪਾਸ਼ਾ ਸੰਸਕ੍ਰਿਤ ਦਾ ਸ਼ਬਦ ਹੈ ਜਿਸਦਾ ਅਰਥ ਹੈ ਵਿ=ਬਿਨਾਂ, ਪਾਸ਼=ਜੰਜੀਰ। ਅਰਥਾਤ ਬਿਨਾ ਜੰਜੀਰ ਵਾਲਾ।

ਇਸ ਨਦੀ ਦਾ ਵਰਣਨ ਰਿਗਵੇਦ, ਮਹਾਭਾਰਤ, ਭਾਗਵਤ ਤੇ ਪਦਮ ਪੁਰਾਣਾਂ ਅਤੇ ਪਾਨਿਣੀ ਦੀ ਅਸ਼ਟਾਧਿਆਈ ਚ ਵੀ ਆਉਂਦਾ ਹੈ। ਇਹ ਨਦੀ ਕੂਲੂ ਦੇ ਪਹਾੜਾਂ ਚੋਂ ਦੱਖਣ ਵੱਲ ਹੁੰਦੀ ਹੋਈ ਮੰਡੀ ਦੀ ਸਰਹੱਦ ਉੱਤੇ ਆ ਮਿਲਦੀ ਹੈ। ਇਸ ਤੋਂ ਬਾਦ ਦਖੱਣ ਵੱਲ ਵਗਦੀ ਹੋਈ ਲਹਿੰਦੇ ਵੱਲ ਮੰਡੀ ਦੇ ਇਲਾਕੇ ਚ ਆ ਜਾਂਦੀ ਹੈ ਅਤੇ ਫਿਰ ਕਾਂਗੜਾ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਇਲਾਕਿਆਂ ਚੋਂ ਹੁੰਦੀ ਹੋਈ ਅੰਮ੍ਰਿਤਸਰ ਕਪੂਰਥਲਾ ਅਤੇ ਹਰੀ-ਕੇ-ਪਤੰਨ ਕੋਲ ਸਤਲੁਜ, ਨਦੀ ਚ ਜਾ ਮਿਲਦੀ ਹੈ। ਆਈ-ਨੇ-ਅਕਬਰੀ ਅਨੁਸਾਰ ਬਿਆਸ ਅਤੇ ਸਤਲੁਜ ਨਦੀ ਦਾ ਸੰਗਮ ਕਾਫੀ ਪੁਰਾਣਾ ਹੈ। ਇਸ ਦੀ ਲੰਬਾਈ ਕਰੀਬ 300 ਕਿ. ਮੀ. ਹੈ।

ਰਾਵੀ :—ਵੈਦਕ ਸਾਹਿਤ ਅਨੁਸਾਰ ਇਸ ਨਦੀ ਨੂੰ ਪਰੂਸ਼ਨੀ ਕਿਹਾ ਜਾਂਦਾ ਸੀ। ਯੂਨਾਨੀ ਵਿਦਵਾਨ ਇਸਨੂੰ 'ਹਾਈਡਸਪੀਸ', 'ਅਦਰੀਸ' ਜਾਂ ਰੋਨਾਦੀਸ ਵੀ ਕਹਿੰਦੇ ਹਨ। ਇਸ ਨੂੰ 'ਵਿਗਵਤੀ, ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਵਰਤਮਾਨ ਸਮੇਂ ਚ ਇਸਨੂੰ ਰਾਵੀ (ਰਵੀ) ਕਹਿੰਦੇ ਹਨ।

ਇਹ ਨਦੀ ਕੂਲੂ ਦੇ ਪਹਾੜਾਂ ਚੋਂ ਨਿਕਲਕੇ ਕਾਂਗੜੇ ਵਲੋਂ ਹੁੰਦੀ ਹੋਈ ਚੰਬੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਲਾਕੇ ਵਿਚ ਦਾਖਲ ਹੁੰਦੀ ਹੈ, ਫੇਰ ਚੰਬੇ ਦੇ ਦਖਣ ਵਲੋਂ ਹੁੰਦੀ ਹੋਈ ਕਸ਼ਮੀਰ ਦੀ ਹੱਦ ਤੱਕ ਮਾਧੋਪੁਰ ਕੋਲ ਜਾ ਰਲਦੀ ਹੈ ਜਿਥੋਂ ਅਪੱਰ ਬਾਰੀ ਦੁਆਬ ਨਹਰ ਕੱਢੀ ਗਈ ਹੈ ।

ਇਸ ਦੀਆਂ ਸ਼ਾਖਾਵਾਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਲਾਹੌਰ (ਪਾਕਿਸਤਾਨ) ਦੇ ਜਿਲਿਆਂ ਨੂੰ ਸਿੰਜਦੀਆਂ ਹਨ । ਇਸ ਤੋਂ ਬਾਦ ਗੁਰਦਾਸਪੁਰ ਅਤੇ ਅੰਮ੍ਰਿਤਸਰ ਜਿਲਿਆਂ ਤੋਂ ਹੁੰਦੀ ਹੋਈ ਇਹ ਨਦੀ, ਲਹਿੰਦੇ ਪੰਜਾਬ ਦੇ ਜਿਲਾ ਸਿਆਲਕੋਟ ਅਤੇ ਸ਼ੇਖੂਪੁਰ ਵਲ ਚਲੀ ਜਾਂਦੀ ਹੈ । ਬਾਦ ਚ ਮਿੰਟਗੁਮਰੀ ਤੇ ਲਾਇਲਪੁਰ, ਮੁਲਤਾਨ ਆਦਿ ਚੋਂ ਹੁੰਦੀ ਹੋਈ ਸਰਦੱਪੁਰ ਤੋਂ ਚਾਰ ਕਿ. ਮੀ ਉਤੱਰ ਵਲ ਜੇਹਲਮ ਚ ਜਾ ਮਿਲਦੀ ਹੈ । ਇਸਦੀ ਲੰਬਾਈ ਕਰੀਬ 500 ਕਿ. ਮੀ. ਹੈ ।

ਉਪੱਰ ਲਿਖੀਆਂ ਨਦੀਆਂ ਨੂੰ ਬਰਫਾਨੀ ਨਦੀਆਂ ਜਾ Snow fed Rivers ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਨਦੀਆਂ ਬਰਫ ਪਿਘੱਲ ਕੇ ਨਦੀਆਂ ਦਾ ਰੂਪ ਧਾਰਣ ਕਰ ਲੈਂਦੀਆਂ ਨੇ ਜਿਸਦੀ ਵਜਹ ਨਾਲ ਇਹ ਨਾਮ ਦਿੱਤਾ ਗਿਆ ਹੈ । ਇਨ੍ਹਾਂ ਵਿਸ਼ਾਲ ਨਦੀਆਂ ਤੋਂ ਛੁਟ ਹੋਰ ਵੀ ਛੋਟੀਆਂ ਛੋਟੀਆਂ ਨਦੀਆਂ ਨੇ ਜਿਨ੍ਹਾਂ ਨੂੰ ਮੌਸਮੀ ਜਾਂ ਬਰਸਾਤੀ ਨਦੀਆਂ ਵੀ ਕਿਹਾ ਜਾਂਦਾ ਹੈ । ਇਹ ਨਦੀਆਂ ਬਰਸਾਤ ਤੋਂ ਬਾਂਦ ਬਣਦੀਆਂ ਨੇ । ਕੁਝ ਨਦੀਆਂ ਰੋਪੜ ਕੋਲੋਂ ਸ਼ਿਵਾਲਕ ਪਹਾੜੀਆਂ ਚੋਂ ਨਿੰਕਲ ਕੇ ਸਤਲੁਜ ਨਦੀ ਚ ਜਾ ਮਿਲਦੀਆਂ ਨੇ ਜਿਵੇਂ ਕਿ ਸਿਸਵਾਲ, ਬੁੜਕੀ ਅਤੇ ਸੁਹਾਂਗਿਉ । ਇਨ੍ਹਾਂ ਦੇ ਇਲਾਂਵਾ ਹੋਰ ਛੋਟੀਆਂ ਨਦੀਆਂ ਦੇਵੀ ਦੀ ਰਾਓ, ਜੈਯੰਤਾਂ, ਪਟਿਆਲਵੀ, ਸਰਹੰਦ ਅਤੇ ਮਾਰਕੰਡਾ ਨਦੀਆਂ ਨੇ ਜੋ ਕਿ ਬਾਦ ਚ ਘਗੱਰ ਚ ਜਾ ਮਿਲਦੀਆਂ ਹਨ ।

ਇਨ੍ਹਾਂ ਦੇ ਇਲਾਵਾ ਜਲੰਧਰ ਤੇ ਫਗਵਾੜਾ ਚੋਂ ਹੁੰਦੀ ਹੋਈ ਮਲਸੀਆਂ ਕੋਲ ਚਿੱਟੀ ਬਈਂ ਸਤਲੁਜ ਚ ਜਾ ਮਿਲਦੀ ਹੈ । ਦੂਜੇ ਪਾਸੇ ਕਾਲੀ ਬਈਂ ਟਾਂਡਾ ਤੋਂ ਨਿਕਲ ਕੇ ਕਪੂਰਥਲਾ ਤੇ ਸੁਲਤਾਨਪੁਰ ਤੋਂ ਹੁੰਦੀ ਹੋਈ ਸਤਲੁਜ-ਬਿਆਸ ਦੇ ਸੰਗਮ ਚ ਜਾ ਮਿਲਦੀ ਹੈ । ਮਹਾਭਾਰਤ ਚ ਵੀ ਚਿੱਟੀ ਤੇ ਕਾਲੀ ਬਈਂ ਜਾ ਜ਼ਿਕਰ ਆਉਂਦਾ ਹੈ ।

ਵੈਦਕ ਇਤਿਹਾਸ ਦੇ ਅਧਾਰ ਤੇ ਸਰਸਵਤੀ ਨਦੀ ਸੱਭ ਤੋਂ ਪ੍ਰਾਚੀਨ ਅਤੇ ਚੜ੍ਹਦੀ ਨਦੀ ਸੀ ਜਿਸਦਾ ਵਖਾਣ ਕਈ ਵਾਰ ਰਿਗਵੇਦ ਵਿਚ ਆਉਂਦਾ ਹੈ ਜਿਸ ਚ ਸਰਸਵਤੀ ਨਦੀ ਦੀ ਸਤੁਤੀ ਕੀਤੀ ਗਈ ਹੈ । ਵੈਦਕ ਭੂਗੋਲ ਅਨੁਸਾਰ ਸਪਤ-ਸਿੰਧੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਇਲਾਕਾ ਅਫਗਾਨਿਸਤਾਨ ਤੋਂ ਲੈਕੇ ਜਮਨਾ ਨਦੀ ਤੱਕ ਅਤੇ ਹਿਮਾਲਾ ਤੋਂ ਲੈ ਕੇ ਸਿੰਧ ਤੱਕ ਗਿਣਿਆ ਗਿਆ ਹੈ ।

ਪੰਜਾਬ ਪਹਾੜੀ ਪ੍ਰਦੇਸ਼ ਨਾ ਹੋ ਕੇ ਮੁਖ ਰੂਪ ਵਿਚ ਇਕ ਮੈਦਾਨੀ ਪ੍ਰਦੇਸ਼ ਹੈ । ਇਸ ਦਾ ਮੈਦਾਨੀ ਹੋਣ ਦਾ ਵੀ ਮੁੱਖ ਕਾਰਣ ਇਥੋਂ ਦੀਆਂ ਨਦੀਆਂ ਦਾ ਮੀਲਾਂ ਤੱਕ ਰੁਖ ਬਦਲਨਾ ਹੈ । ਸਰਵੇਖਣ ਤੋਂ ਬਾਦ ਇਹ ਬਹੁਤ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਾਚੀਨ ਸਮੇਂ ਚ ਇਹ ਨਦੀਆਂ ਮੀਲਾਂ ਤੱਕ ਅਪਣਾ ਰੁਖ ਬਦਲਦੀਆਂ ਰਹੀਆਂ ਜਿਸ ਕਾਰਣ ਇਥੋਂ ਦੀ ਧਰਤੀ ਉਪਜਾਊ ਵੀ ਹੋ ਗਈ ਅਤੇ ਮੈਦਾਨੀ ਵੀ । ਨਦੀਆਂ ਦੇ ਆਪਣੇ ਨਾਲ ਕਛਾਰੀ ਮਿੱਟੀ ਲਿਆਉਣ ਨਾਲ ਇਹ ਇਲਾਕਾ ਸਿਰਫ਼ ਹੁਸ਼ਿਆਰਪੁਰ ਦੇ ਕੁਝ ਹਿੱਸੇ ਨੂੰ ਛੱਡ ਕੇ ਬਾਕੀ ਸਾਰਾ ਹਿੱਸਾ ਮੈਦਾਨੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2

ਪੌਰਾਣਕ ਪਰਿਪੇਖ

ਪੰਜਾਬ ਦਾ ਜ਼ਿਕਰ ਸੱਭ ਤੋਂ ਪਹਿਲਾਂ ਵੇਦਾਂ ਅਤੇ ਪੁਰਾਣਾਂ ਵਿਚ ਆਉਂਦਾ ਹੈ। ਜਿਸਨੂੰ ਪੜ੍ਹਨ ਨਾਲ ਇਥੋਂ ਦੇ ਲੋਕਾਂ ਦੀ ਸੰਸਕ੍ਰਿਤੀ ਅਤੇ ਸੱਭਤਾ ਦੇ ਬਾਰੇ ਚ ਪਤਾ ਲਗਦਾ ਹੈ। ਪ੍ਰਾਚੀਨ ਸਮੇਂ ਤੋਂ ਹੀ ਭਾਰਤ ਦੇ ਇਤਿਹਾਸ ਤੇ ਪੰਜਾਬ ਦਾ ਕਿੰਨਾਂ ਪ੍ਰਭਾਵ ਰਿਹਾ ਇਸਦਾ ਪਤਾ ਵੈਦਿਕ ਇਤਿਹਾਸ ਦਵਾਰਾ ਮਿਲੇ ਪ੍ਰਮਾਣਾਂ ਤੋਂ ਹੁੰਦਾ ਹੈ। ਇਸ ਧਰਤੀ ਨੂੰ ਬ੍ਰਹਮਰਿਸ਼ੀ ਦੇਸ਼ ਵੀ ਕਿਹਾ ਜਾਂਦਾ ਹੈ ਜਿਸਦਾ ਅਰਥ ਹੈ ਦੇਵਤਿਆਂ ਦੀ ਭੂਮੀ। ਕਿਹਾ ਜਾਂਦਾ ਹੈ ਕਿ ਆਰੀਆ ਸਭੱਤਾ ਦੇ ਲੋਕ ਭਾਰਤ ਵਿਚ ਆ ਕੇ ਪਹਿਲਾਂ ਪਹਿਲ ਸਪਤ ਸਿੰਧੁ (ਪੰਜਾਬ) ਵਿਚ ਹੀ ਆਬਾਦ ਹੋਏ ਅਤੇ ਇਨ੍ਹਾਂ ਦਰਿਆਵਾਂ ਦੇ ਕੰਢਿਆਂ ਉਤੇ ਹੀ ਵੇਦ ਰਚੇ ਗਏ। ਆਰੀਆ ਸੱਭਤਾ ਦੇ ਜਨਮ ਤੋਂ ਵੀ ਪਹਿਲਾਂ ਦੀ ਸੱਭਤਾ ਉਚ ਸ਼ਿਖਰ ਤੇ ਪਹੁੰਚ ਚੁੱਕੀ ਹੋਈ ਸੀ ਜਿਸਦਾ ਨਿੱਘਾ ਸਬੂਤ ਪੰਜਾਬ ਚ ਹੋਈਆਂ ਪੁਰਾਤਾਤਵਿਕ ਖੁਦਾਈਆਂ ਤੋਂ ਮਿਲਦਾ ਹੈ। ਇਤਿਹਾਸਕ ਨਜ਼ਰਿਏ ਨਾਲ ਵੇਖਦਿਆਂ ਹੋਇਆਂ ਇਹ ਅਨੁਮਾਨਤ ਹੁੰਦਾ ਹੈ ਕਿ ਇਸਦੀ ਪ੍ਰਾਚੀਨਤਾ ਕਰੀਬ ਅੱਜ ਤੋਂ ਦਸ ਲੱਖ ਸਾਲ ਪਹਿਲਾਂ ਤਕ ਜਾ ਪੁਜਦੀ ਹੈ।

ਇਤਿਹਾਸਕ ਪ੍ਰਮਾਣ

ਇਸ ਪਵਿੱਤਰ ਭੂਮੀ ਤੇ ਵੈਦਕ ਕਾਲ ਦੇ ਕੁਝ ਪਰਸਿੱਧ ਵੰਸ਼ ਪੁਰੂ, ਕੁਰੂ, ਪਾਂਚਾਲ, ਅਨੂ, ਦਰੂਰਸੁ ਅਤੇ ਭਰਤਾਂ ਆਦਿ ਨੇ ਰਾਜ ਕੀਤਾ। ਪਰਸਿੱਧ ਵੈਦਕ ਰਿਸ਼ੀਆਂ ਉਦਾਲਕ, ਆਰੂਨੀ ਅਤੇ ਸ਼ਵੇਤਕੇਤੂ ਆਦਿ ਨੇ ਇਸਦੇ ਤਪੋਬਨਾਂ ਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਪਸਿਆ ਕੀਤੀ। ਵੈਦਕ ਕਾਲ ਦਾ ਸਭ ਤੋਂ ਪਹਿਲਾ ਰਾਜਾ ਸੁਦਾਮ ਇਥੇ ਹੋਇਆ। ਰਿਗਵੇਦ ਦੇ ਅਨੁਸਾਰ ਪਰੁਸ਼ਨੀ (ਰਾਵੀ) ਦੇ ਕੰਡੇ ਜਿਹੜੇ ਦੱਸ ਰਾਜਿਆਂ ਦੀ ਲੜਾਈ ਹੋਈ ਉਸ ਵਿਚ ਹਰੀ-ਯੂਪੀਆ ਦਾ ਜਿਕਰ ਆਉਂਦਾ ਹੈ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਹਰੀਯੂਪੀਆ ਸਿੰਧੂ ਸੱਭਤਾ ਦਾ ਮਹਾਨ ਸਥਲ ਹੜੱਪਾਂ ਹੀ ਹੈ। ਇਸ ਸਿਲਸਿਲੇ ਵਿਚ 'ਯਇਆਵਤੀ' ਜਿਸਦਾ ਅਰਥ ਹੈ ਅਨਾਜ ਦਾ ਭੰਡਾਰ, ਇਸ ਗੱਲ ਦੀ ਪ੍ਰਸ਼ਟੀ ਕਰਦਾ ਹੈ ਕਿਉਂਕਿ ਹੜੱਪਾ ਦੀ ਖੁਦਾਈ ਵਿਚੋਂ ਵਡੇ ਵਡੇ ਅਨਾਜ ਰਖਣ ਦੀ ਕੋਠੀਆਂ ਅਤੇ ਭੰਡਾਰ ਵੀ ਮਿਲੇ ਹਨ।

ਰਾਮਾਇਣ ਚ ਆਏ ਵਰਣਨ ਅਨੁਸਾਰ ਅਵਧ ਅਤੇ ਪੰਜਾਬ ਆਪੋ ਵਿਚ ਇਕ ਚੰਗੀ ਵਗਦੀ ਸੜਕ ਨਾਲ ਜੁੜੇ ਹੋਏ ਸਨ।

ਵਰਤਮਾਨ ਪੰਜਾਬ ਵਿਚ ਫਿਰੋਜਪੁਰ ਕੋਲ ਜਾਨੇਰ ਨਾਮਕ ਥਾਂ ਰਾਜਾ ਜਨਕ ਨਾਲ ਜੋੜੀ ਕਹੀ ਜਾਂਦੀ ਹੈ।

ਰਾਣੀ ਕੌਸ਼ਲਿਆ ਪਟਿਆਲੇ ਦੇ ਕੋਲ ਘੜਾਮ ਨਾਮਕ ਸਥਾਨ ਦੀ ਰਹਿਨ ਵਾਲੀ ਕਹੀ ਜਾਂਦੀ ਹੈ।

ਅੰਮ੍ਰਿਤਸਰ ਕੋਲ ਰਾਮਤੀਰਥ ਨਾਮਕ ਥਾਂ ਨੂੰ ਵੀ ਰਾਮਾਇਣ ਨਾਲ ਸੰਬੰਧਤ ਕੀਤਾ ਜਾਂਦਾ ਹੈ।

ਦਸੂਹੇ ਦਾ ਮਹਾਭਾਰਤ ਨਾਲ ਵੀ ਸੰਬੰਧ ਦਸਿਆ ਜਾਂਦਾ ਹੈ।

ਪਾਨਿਣੀ ਦੀ ਅਸ਼ਟਾਧਿਆਈ ਵੀ ਇਨ੍ਹਾਂ ਪੰਜ ਦਰਿਆਵਾਂ ਵਾਲੇ ਦੇਸ਼ ਵਿਚ ਹੀ ਲਿਖੀ ਗਈ ਸੀ। ਹਿਉਨਸਾਂਗ ਅਨੁਸਾਰ ਪਾਨਿਣੀ ਦੀ ਪੈਦਾਇਸ਼ ਇਥੋਂ ਦੀ ਹੀ ਸੀ।

ਚਰਕ, ਕੋਟਿਲਿਆ ਅਤੇ ਚਾਣਕਿਯ ਜਿਹੀਆਂ ਮਹਾਨ ਹਸਤੀਆਂ ਦੇ ਬਾਰੇ ਚ ਵੀ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਪੜ੍ਹਾਈ ਲਿਖਾਈ ਤਕਸ਼ਸ਼ਿਲਾ (ਪਾਕਿਸਤਾਨ) ਤੋਂ ਹੋਈ ਅਤੇ ਉਹ ਪ੍ਰਾਚੀਨ ਪੰਜਾਬ ਦੇ ਹੀ ਵਸਨੀਕ ਸਨ।

ਮੌਰੀਆ ਕਾਲ ਵਿਚ ਖਾਸ ਕਰ ਰਾਜਾ ਅਸ਼ੋਕ ਦੇ ਸਮੇਂ ਚ ਪੰਜਾਬ ਉਨ੍ਹਾਂ ਦਾ ਇਕ ਮੁੱਖ ਕੇਂਦਰ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਨਿੰਘਮ ਦੇ ਅਨੁਸਾਰ ਅੰਮ੍ਰਿਤਸਰ ਤੋਂ ਉੱਤਰ-ਪੱਛਮ ਵਲ ਛਿਨਾਂ ਨਾਮਕ ਸਥਾਨ ਰਾਜਾ ਕਨਿਸ਼ਕ ਨਾਲ ਸੰਬੰਧਤ ਕਿਹਾ ਜਾਂਦਾ ਹੈ। ਉਸਦਾ ਕਹਿਨਾ ਹੈ ਕਿ ਸਿਆਲੇ ਵਿਚ ਚੀਨੀ ਯਾਤਰੂ ਇਸ ਥਾਂ ਤੇ ਅਪਨਾ ਡੇਰਾ ਲਾ ਲੈਂਦੇ ਸਨ।

ਪਾਨਿਣੀ ਦੇ ਸਮੇਂ ਚ ਪੰਜਾਬ ਨੂੰ ਵਾਹਲੀਕ ਵੀ ਕਿਹਾ ਜਾਂਦਾ ਸੀ।

ਪਾਨਿਣੀ ਦੇ ਹੀ ਅਨੁਸਾਰ ਚਨਾਬ ਅਤੇ ਲਹਿੰਦੇ ਪੰਜਾਬ ਚ ਰਾਵੀ ਦੇ ਵਿਚ ਦਾ ਹਿੱਸਾ ਪੂਰਬ ਮੱਦਰ ਕਿਹਾ ਜਾਂਦਾ ਸੀ। (ਸਿਆਲਕੋਟ ਅਤੇ ਗੁਜਰਾਂਵਾਲਾ) ਮੱਦਰ ਦੀ ਰਾਜਧਾਨੀ ਸ਼ਾਕਲ ਸਿਆਲਕੋਟ ਸੀ ਇਸ ਕਾਰਣ ਪਾਨਿਣੀ ਨੇ ਵੀ ਮੱਦਰ ਨੂੰ ਠੇਠ ਪੰਜਾਬ ਹੀ ਕਿਹਾ ਹੈ।

ਰਾਵੀ, ਬਿਆਸ ਅਤੇ ਸਤਲੁਜ ਦੇ ਵਿਚ ਦਾ ਖੇਤਰ 'ਤ੍ਰਿਗਰਤ' ਨਾਮ ਨਾਲ ਜਾਣਿਆ ਜਾਂਦਾ ਹੈ। ਇਸੇ ਨੂੰ ਪ੍ਰਾਚੀਨ ਕਾਲ ਚ ਜਾਲੰਧਰਾਇਨ ਵੀ ਕਿਹਾ ਜਾਂਦਾ ਸੀ ਜਿਸਦਾ ਵਰਨਣ ਰਾਜਨਿਆਦਿਗਣ ਵਿਚ ਮਿਲਦਾ ਹੈ।

ਬਿਆਸ ਨਦੀ ਦੇ ਦਖਣ ਦਾ ਖ਼ੇਤਰ (ਜਿਲਾ ਹੁਸ਼ਿਆਰਪੁਰ) ਚ ਅੱਜ ਵੀ ਤਿਲਾਂ ਦੀ ਖੇਤੀ ਹੁੰਦੀ ਹੈ। ਇਹ ਤਿਲਖਣ ਰਾਜ ਦਾ ਥਾਂ ਜਾਪਦਾ ਹੈ। ਵਿਆਕਰਣ ਦਾ ਤਿਲਖਲ ਅਤੇ ਮਹਾਭਾਰਤ ਦਾ ਤਿਲਭਾਰ ਦੋਂਵੇਂ ਇਕੋ ਮਲੂਮ ਹੁੰਦੇ ਹਨ।

ਯੂਨਾਨੀ ਲੇਖਕਾਂ ਅਨੁਸਾਰ ਉਤੱਰ-ਪੱਛਮ ਪ੍ਰਦੇਸ਼ ਅਤੇ ਪੰਜਾਬ ਚ ਉਸ ਵੇਲੇ ਪੰਜ ਸੌ ਅਜਿਹੇ ਪਿੰਡ ਸਨ ਜਿਨ੍ਹਾਂ ਦੀ ਅਬਾਦੀ ਦਸ ਸੌ ਦੇ ਕਰੀਬ ਸੀ। ਇਤਿਹਾਸਕਾਰਾਂ ਅਨੁਸਾਰ ਸਿਕੰਦਰ ਲੜਦਾ ਹੋਇਆ ਬਿਆਸ ਨਦੀ ਤੱਕ ਪੁਜ ਗਿਆ ਸੀ ਪਰ ਉਹ ਮੁਕਾਬਲਾ ਨਾ ਕਰ ਸਕਿਆ ਅਤੇ ਅਪਣੀਆਂ ਫੌਜਾਂ ਨੂੰ ਹਟਾ ਕੇ ਪਿਛੇ ਮੁੜ ਗਿਆ। ਤੀਸਰੀ ਸ਼ਤਾਬਦੀ ਪੂਰਬ ਵਿਚ ਪੰਜਾਬ ਕਈ ਛੋਟੇ-ਛੋਟੇ ਗ਼ਣਰਾਜਾਂ ਵਿਚ ਵੰਡਿਆ ਹੋਇਆ ਸੀ। ਆਰ ਕੇ ਮੁਖਰਜੀ ਅਨੁਸਾਰ "ਸਿਕੰਦਰ ਦਾ ਹੱਲਾ ਇਕ ਪਾੜਾ ਤੇ ਤਮਾਸ਼ਾ ਜਿਹਾ ਬਣਕੇ ਹੀ ਰਹਿ ਗਿਆ ਅਤੇ ਸਿਕੰਦਰ ਇਸ ਵਿਸ਼ਾਲ ਅਤੇ ਅਮੀਰ ਦੇਸ਼ ਉਤੇ ਨਾ ਤਾਂ ਯੂਨਾਨੀ ਰਾਜ ਸਥਾਪਿਤ ਕਰ ਸਕਿਆ ਤੇ ਨਾ ਹੀ ਭਾਰਤੀ ਸਭਿਅਤਾ ਨੂੰ ਹੀ ਕੁਝ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕਰ ਸਕਿਆ" M. Arnold ਦੇ ਅਨੁਸਾਰ 'The East bowed low before the blast in patient deep disdain. She let the legions thunder past and plunged in thought again.'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
FORDED FREE OF COST, and
Department of Education,

ਹਿਉਂਨਸਾਂਗ ਦੀਆਂ ਲਿਖਤਾਂ ਅਨੁਸਾਰ ਪੰਜਾਬ ਨੇ ਬੁਧ ਧਰਮ ਦੇ ਬੜੇ ਵਿਦਵਾਨ ਪੈਦਾ ਕੀਤੇ ਜਿਨ੍ਹਾਂ ਵਿਚ ਕੁਮਾਰਲਗੁਪਤ ਅਤੇ ਵਸੁਬੰਧੂ ਸ਼ਾਮਲ ਹਨ। ਵਸੁਬੰਧੂ ਬੁਧ ਧਰਮ ਦੀ ਮਹਾਯਾਨ ਸ਼ਾਖਾ ਦਾ ਇਕ ਪਰਸਿੱਧ ਮਹਾਗਿਆਨੀ ਸੀ।

ਗਜ਼ਨਵੀਆ ਅਤੇ ਗੋਰੀਆਂ ਦੀ ਨਜ਼ਰ ਵੀ ਸਭ ਤੋਂ ਪਹਿਲਾਂ ਇਸੇ ਪਵਿੱਤਰ ਭੂਮੀ ਤੇ ਟਿਕੀ। ਇਥੇ ਹੀ ਜੈਪਾਲ ਅਤੇ ਅਨੰਦਪਾਲ ਨੇ ਮਹਮੂਦ ਗਜਨਵੀ ਦਾ ਡਟ ਕੇ ਮੁਕਾਬਲਾ ਕੀਤਾ।

ਕਿਹਾ ਜਾਂਦਾ ਹੈ ਕਿ ਮੁਗਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਦੀ ਰਸਮ ਵੀ ਪੰਜਾਬ ਦੇ ਕਲਾਨੌਰ ਨਾਮਕ ਥਾਂ ਤੇ ਹੋਈ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ੇਰਸ਼ਾਹ ਸੂਰੀ ਵੀ ਹੁਸ਼ਿਆਰਪੁਰ ਕੋਲ ਬਜਵਾੜੇ ਪਿੰਡ ਚ ਜੰਮਿਆ ਤੇ ਪਲਿਆ ਸੀ। ਰਾਜਵਰਧਨ ਤੇ ਹਰਸ਼ਵਰਧਨ ਦੇ ਸਾਮਰਾਜਾਂ ਦਾ ਮੁੱਖ ਕੇਂਦਰ ਵੀ ਪ੍ਰਾਚੀਨ ਪੰਜਾਬ ਹੀ ਸੀ।

ਕਾਲੀਦਾਸ ਦੇ ਮਸ਼ਹੂਰ ਕਾਵਿ ਮੇਘਦੂਤ ਵਿਚ ਵੀ ਇਸ ਪ੍ਰਦੇਸ਼ ਦਾ ਜਿਕਰ ਆਉਂਦਾ ਹੈ।

ਕੁਝ ਵਿਦਵਾਨਾਂ ਅਨੁਸਾਰ ਫਾਜ਼ਿਲਕਾ ਤੋਂ ਲੈਕੇ ਮਲੇਰਕੋਟਲਾ ਤੱਕ ਦਾ ਇਲਾਕਾ ਮਾਲਵ ਖੇਤਰ ਨਾਮ ਨਾਲ ਜਾਣਿਆ ਜਾਂਦਾ ਹੈ।

ਚੀਨੀ ਯਾਤਰੀ ਫਾਹੀਆਨ ਦੇ ਅਨੁਸਾਰ ਜਿਸਨੇ ਕਿ ਗੁਪਤ ਕਾਲ ਵਿਚ ਭਾਰਤ ਦੀ ਯਾਤਰਾ ਕੀਤੀ, ਦਾ ਕਹਿਨਾ ਹੈ ਕਿ ਪੰਜਾਬ ਵਿਚ ਥਾਉਂ ਥਾਈਂ ਬੁੱਧ ਵਿਹਾਰ ਤੇ ਮੱਠ ਕਾਇਮ ਸਨ। ਉਸਦੇ ਅਨੁਸਾਰ ਜਲੰਧਰ ਵਿਚ 50 ਵਿਹਾਰ ਤੇ ਮੱਠ ਸਨ ਜਿਨ੍ਹਾਂ ਵਿਚ ਹੀਨਯਾਨ ਤੇ ਮਹਾਯਾਨ ਸੰਪਰਦਾਵਾਂ ਦੇ ਦੋ ਹਜਾਰ ਭਿਖਸ਼ੂ ਰਹਿ ਰਹੇ ਸਨ।

ਸਮੁੰਦਰਗੁਪਤ ਦੇ ਇਲਾਹਾਬਾਦ ਅਭਿਲੇਖ ਵਿਚ ਉਤੱਰ ਚ ਕਤ੍ਰਪੁਰ ਤੱਕ ਉਸਦਾ ਰਾਜ ਫੈਲਿਆ ਹੋਇਆ ਸੀ। ਕੁਝ ਵਿਦਵਾਨਾਂ ਦਾ ਕਹਿਨਾ ਹੈ ਕਿ ਇਹ ਵਰਤਮਾਨ ਕਰਤਾਰਪੁਰ ਹੀ ਹੈ ਜਿਹੜਾ ਕਿ ਜਲੰਧਰ ਕੋਲ ਸਥਿਤ ਹੈ। ਇਸ ਤਰ੍ਹਾਂ ਗੁਪਤ ਕਾਲ ਵਿਚ ਵੀ ਪੰਜਾਬ ਦੀ ਕਾਫੀ ਮਹਤੱਤਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3

ਪ੍ਰਾਕ ਇਤਿਹਾਸਕ, ਆਦਿ ਇਤਿਹਾਸਕ ਤੇ ਇਤਿਹਾਸਕ ਕਾਲ

ਗਣਰਾਜ :—ਗਣਤੰਤਰ ਭਾਰਤ ਵਿਚ ਬਹੁਤ ਹੀ ਪ੍ਰਾਚੀਨ ਕਾਲ ਤੋਂ ਰਿਹਾ ਹੈ ਇਸੇ ਕਾਰਣ ਸ਼ਾਇਦ ਪੰਜਾਬ ਦੀ ਧਰਤੀ ਗਣਰਾਜਾਂ ਦੀ ਜਨਮ ਦਾਤੀ ਕਹੀ ਜਾ ਸਕਦੀ ਹੈ। ਪਾਨਿਣੀ ਅਤੇ ਕੌਟਿਲਆ ਨੇ ਗਣਰਾਜਾਂ ਨੂੰ ਸੰਘ ਦਾ ਨਾਮ ਦਿੱਤਾ ਹੈ। ਹੋਲੇ ਹੋਲੇ ਉੱਤਰੀ ਪਛੱਮੀ ਭਾਰਤ ਵਿਚ ਲੋਕਤੰਤਰ ਪ੍ਰਣਾਲੀ ਅਪਨਾਈ ਜਾਣ ਲੱਗ ਪਈ। ਐਤਰੇਅ ਬ੍ਰਾਹਮਣ ਅਨੁਸਾਰ ਪੰਜਾਬ ਵਿਚ ਉੱਤਰ ਕੁਰੂ, ਉੱਤਰ ਮੱਦਰ ਆਦਿ ਕਈ ਗਣਰਾਜਾਂ ਦੀ ਸਥਾਪਨਾ ਹੋਈ ਸੀ ਜੋ ਕਿ ਬਾਦ ਵਿਚ ਪੰਜਾਬ, ਹਰਿਆਣਾ, ਉੱਤਰੀ ਰਾਜਸਥਾਨ ਅਤੇ ਉੱਤਰ ਪ੍ਰਦੇਸ਼, ਬਿਹਾਰ ਦੇ ਉੱਤਰੀ ਹਿਸਿਆਂ ਚ ਕਾਇਮ ਹੋ ਗਏ।

ਉੱਤਰ-ਪਛੱਮ ਦੇ ਕਈ ਗਣਰਾਜਾਂ ਦੇ ਬਾਰੇ ਚ ਸਾਨੂੰ ਯੂਨਾਨੀ ਲੇਖਕਾਂ ਤੋਂ ਜਾਣਕਾਰੀ ਮਿਲਦੀ ਹੈ ਜਿਨ੍ਹਾਂ ਨੇ ਸਿਕੰਦਰ ਦੇ ਹਮਲੇ ਦੇ ਬਾਰੇ ਚ ਜਾਣਕਾਰੀ ਦਿੱਤੀ ਹੈ। ਉਸ ਵੇਲੇ ਯੋਧੇਆਂ, ਮਾਲਵ, ਸ਼ੂਦਰਕ, ਕੱਠ, ਅਸ਼ਵਗਇਨ ਅਤੇ ਅਬਸ਼ਤ ਆਦਿ ਕਈ ਸ਼ਕਤੀਸ਼ਾਲੀ ਗਣਰਾਜ ਪੰਜਾਬ ਅਤੇ ਹਰਿਆਣਾ ਖੇਤਰ ਚ ਸਨ। ਇਨ੍ਹਾਂ ਰਾਜਿਆਂ ਨੇ ਸਿਕੰਦਰ ਦੀ ਸੇਨਾ ਦਾ ਡੱਟ ਕੇ ਮੁਕਾਬਲਾ ਕੀਤਾ।

ਬਦਕਿਸਮਤੀ ਨਾਲ ਇਨ੍ਹਾਂ ਗਣਰਾਜਾਂ ਦੀ ਆਪਸ ਵਿਚ ਏਕਤਾ ਨਾ ਹੋਣ ਕਾਰਣ ਫੁੱਟ ਪੈ ਗਈ ਅਤੇ ਇਹ ਸਾਰੇ ਕਮਜੋਰ ਹੋ ਗਏ। ਬਾਦ ਵਿਚ ਹੌਲੀ-ਹੌਲੀ ਯੋਧੇਆ, ਮਾਲਵ, ਵਰਿਸ਼ਨੀ, ਅਰਜੁਨਾਇਨ, ਕੁਨਿੰਦ, ਸ਼ਿਵੀ, ਅਤੇ ਮੱਦਰ ਆਦਿ ਰਾਜਿਆਂ ਨੇ ਏਕਾ ਕਰਕੇ ਸ਼ਕਤੀ ਇਕੱਠੀ ਕੀਤੀ ਅਤੇ ਆਪਣੇ ਸਿੱਕੇ ਚਲਾਏ। ਬਾਦ ਚ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਣਰਾਜ ਵਿਦੇਸ਼ੀ ਸ਼ਕਾਂ ਅਤੇ ਕੁਸ਼ਾਨਾਂ ਨਾਲ ਬਰਾਬਰ ਟੱਕਰ ਲੈਂਦੇ ਰਹੇ ਜਿਨ੍ਹਾਂ ਚੋਂ ਯੋਧੇਅ ਅਤੇ ਮਾਲਵ ਬਹੁਤ ਹੀ ਮਸ਼ਹੂਰ ਹੋਏ। ਯੋਧੇਆਂ ਦੇ ਸਿਕਿਆਂ ਤੇ 'ਯੋਧੇਅ ਗਣਰਾਜ ਜੈ' ਲਿਖਿਆ ਹੋਇਆ ਮਿਲਦਾ ਹੈ ਜਿਸਦਾ ਅਰਥ ਹੈ ਯੋਧੇਆਂ ਦੀ ਜੈ ਹੋਵੇ। ਮਾਲਵਗਣ ਉੱਤਰੀ ਰਾਜਸਥਾਨ ਤੋਂ ਹੌਲੀ-ਹੌਲੀ ਮਾਲਵਾ ਖੇਤਰ ਤੱਕ ਪੁਜੇ। ਇਹ ਮਾਲਵ ਸੰਵਤ ਹੀ ਬਾਦ ਚ ਵਿਕਰਮ ਸੰਵਤ ਦੇ ਨਾਮ ਨਾਲ ਮਸ਼ਹੂਰ ਹੋਇਆ। ਵਰੀਸ਼ਨੀਗਣਾਂ ਦਾ ਜ਼ਿਕਰ ਮਹਾਭਾਰਤ ਚ ਵੀ ਆਉਂਦਾ ਹੈ।

ਗੁਪਤ ਕਾਲ, ਜਿਸਨੂੰ ਭਾਰਤ ਦਾ ਸੁਨਹਰੀ ਯੁਗ ਕਿਹਾ ਜਾਂਦਾ ਹੈ, ਵੇਲੇ ਭਾਰਤ ਦੀ ਸਥਿਤੀ ਪਹਿਲੇ ਨਾਲੋਂ ਚੰਗੀ ਹੋ ਗਈ ਸੀ। ਚੌਥੀ ਸ਼ਤਾਬਦੀ ਦੇ ਸ਼ੁਰੂ ਚ ਯੋਧੇਅ, ਅਰਜੁਨਾਇਨ, ਮਾਲਵ, ਸ਼ੂਦਰਕ, ਅਭੀਰ ਅਤੇ ਲਿਛਵੀ ਆਦਿ ਕਈ ਸ਼ਕਤੀਸ਼ਾਲੀ ਗਣਰਾਜ ਹੋ ਗਏ ਸਨ। ਸਮੁੰਦਰਗੁਪਤ ਦੇ ਇਲਾਹਾਬਾਦ ਤੋਂ ਮਿਲੇ ਇਕ ਮਹਤੱਵਪੂਰਣ ਅਭਿਲੇਖ ਅਨੁਸਾਰ ਉਸਨੇ ਕਈ ਗਣਰਾਜਾਂ ਨੂੰ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲੀਤਾ ਸੀ ਅਤੇ ਬਾਦ ਵਿਚ ਹੋਲੀ-ਹੋਲੀ ਇਨ੍ਹਾਂ ਗਣਰਾਜਾਂ ਦਾ ਆਪਣੇ ਆਪ ਸ਼ਕਤੀਹੀਨ ਹੋਣ ਕਰਕੇ ਖਾਤਮਾ ਹੋ ਗਿਆ।

ਲਿਖਤ ਪਰਮਾਣ :

ਸਿਕਿਆਂ ਤੇ ਅਧਾਰਤ ਪਰਮਾਣ :—ਪ੍ਰਾਚੀਨ ਕਾਲ ਤੋਂ ਹੀ ਸਿੱਕੇ ਇਤਿਹਾਸ ਬਨਾਉਣ ਚ ਕਾਫੀ ਸਹਾਇਕ ਰਹੇ ਹਨ। ਪ੍ਰਾਚੀਨ ਕਾਲ ਚ ਕੁਝ ਅਜਿਹੇ ਰਾਜੇ ਹੋਏ ਨੇ ਜਿਨ੍ਹਾਂ ਦੇ ਬਾਰੇ ਚ ਸਿਵਾਏ ਸਿਕਿਆਂ ਦੇ ਹੋਰ ਕੋਈ ਲਿਖਿਤ ਪਰਮਾਣ ਨਹੀਂ ਮਿਲਦਾ। ਕੁਝ ਰਾਜਿਆਂ ਦੇ ਬਾਰੇ ਚ ਸਿਰਫ ਸਿੱਕੇ, ਮੁਦਰਾਵਾਂ ਅਤੇ ਸ਼ਿਲਾਲੇਖ ਹੀ ਉਨ੍ਹਾਂ ਦੇ ਸਮੇਂ ਦੇ ਹਾਲਾਤਾਂ ਅਤੇ ਉਨ੍ਹਾਂ ਦੀ ਜਾਣਕਾਰੀ ਦੇਣ ਚ ਸਹਾਇਕ ਹਨ। ਇਸ ਕਾਰਣ ਸਿੱਕੇ ਕਾਫੀ ਮਹਤਵਪੂਰਣ ਥਾਂ ਰਖਦੇ ਹਨ ਜਿਨ੍ਹਾਂ ਦੇ ਅਧਾਰ ਤੇ, ਉਸ ਕਾਲ ਦੀ ਆਰਥਕ, ਸਮਾਜਕ, ਵਪਾਰਕ ਅਤੇ ਰਾਜਨੈਤਿਕ ਢਾਂਚੇ ਦਾ ਪਤਾ ਲਗਾਉਣ ਚ ਕਾਫੀ ਮਦਦ ਮਿਲਦੀ ਹੈ। ਸਿੱਕੇ ਸਾਨੂੰ ਬ੍ਰਾਹਮੀ, ਖਰੋਸ਼ਟੀ, ਅਰਬਿਕ ਅਤੇ ਫਾਰਸੀ ਚ ਮੁਖਤਾ ਮਿਲਦੇ ਨੇ। ਅਤੇ ਇਵੇਂ ਕਿਹਾ ਜਾ ਸਕਦਾ ਹੈ ਕਿ ਸਿੱਕੇ ਅਤੇ ਹੋਰ ਲਿਖਤਾਂ ਸਮਾਜ ਨੂੰ ਕ੍ਰਾਂਤੀਸ਼ੀਲ ਬਨਾਉਣ ਲਈ ਇਕ ਕਾਫੀ ਮਹਤਵਪੂਰਣ ਥਾਂ ਰਖਦੇ ਹਨ। ਸਿਕਿਆਂ ਦੀ ਸ਼ੁਰੂਆਤ ਕਿਸ ਤਰ੍ਹਾ ਹੋਈ ? ਅੱਜ ਤੋਂ ਕਰੀਬ ਕਈ ਹਜ਼ਾਰ ਸਾਲ ਪਹਿਲੇ ਮਨੁਖ ਦਾ ਆਪਸ ਚ ਅਦਾਨ ਪ੍ਰਦਾਨ ਜਾਨਵਰਾਂ ਜਾਂ ਅਨਾਜ ਨਾਲ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਸੀ। ਇਸਦਾ ਪਰਮਾਣ ਰਿਗਵੇਦ ਚੋਂ ਮਿਲਦਾ ਹੈ ਜਿਸ ਵਿਚ ਇੰਦਰ ਦੀ ਕੀਮਤ ਅਣਗਿਣਤ ਗੋਆਂ ਰਖੀ ਗਈ ਸੀ।

ਅਥਰਵਵੇਦ ਅਨੁਸਾਰ ਲੋਕਾਂ ਦਾ ਆਪਸ ਚ ਲੈਣ-ਦੇਣ ਰੋਜ਼ਾਨਾ ਦੀਆਂ ਚੀਜ਼ਾਂ ਨਾਲ ਹੁੰਦਾ ਸੀ ਜਿਸਨੂੰ ਕਿ Barter System ਕਿਹਾ ਜਾਂਦਾ ਸੀ। ਸ਼ੁਰੂ-ਸ਼ੁਰੂ ਚ ਮਨੁਖ ਨੇ ਅਪਣੀਆਂ ਜਰੂਰੀ ਵਸਤਾਂ ਖਰੀਦਣ ਲਈ ਕੋਡੀਆਂ ਦਾ ਪਰਯੋਗ ਵੀ ਕੀਤਾ ਸੀ। ਇਨ੍ਹਾਂ ਦੇ ਅਧਾਰ ਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਰਿਗਵੇਦ ਅਤੇ ਦੂਜੇ ਸਮੇਂ ਚ ਆਪਣੀ ਲੈਣ-ਦੇਣ ਅਤੇ ਉਨ੍ਹਾਂ ਦੀ ਕੀਮਤ ਮਿਥਣ ਲਈ ਕਈ ਤਰ੍ਹਾਂ ਦੀ ਪਰਣਾਲੀਆਂ ਪਰਯੋਗ ਚ ਲਿਆਈਆ ਜਾਂਦੀਆਂ ਸਨ।

ਰਿਗਵੇਦ ਚ ਸੋਨੇ ਅਤੇ ਚਾਂਦੀ ਦੀਆਂ ਕਈ ਤਰ੍ਹਾਂ ਦੀਆਂ ਵਸਤਾਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਚ ਨਿਸ਼ਕ ਅਤੇ ਸੋਨੇ ਦੇ ਬਟਣਾਂ ਅਤੇ ਵਟਿਆਂ ਦਾ ਜਿਕਰ ਆਇਆ ਹੈ ਜਿਵੇਂ ਕਿ ਕਾਰਸ਼ਾਪਨ, ਨਿਸ਼ਟ, ਸਤਮਾਣ, ਸਵਰਨ ਅਤੇ ਪਾਦ ਆਦਿ।

ਅਮਰਸਿੰਘ ਨਾਮਕ ਇਕ ਵਿਦਵਾਨ ਨੇ ਆਪਣੀ ਲਿਖਤ 'ਅਮਰਕੋਸ਼' ਵਿਚ ਕਾਰਸ਼ਾਪਣ ਅਤੇ ਪਣਾਂ ਦਾ ਜ਼ਿਕਰ ਕੀਤਾ ਹੈ। ਪੱਣ ਤਾਂਬੇ ਦਾ ਬਣਿਆ ਹੁੰਦਾ ਸੀ। ਉਸਨੂੰ ਤਾਮਰਿਚ ਵੀ ਕਿਹਾ ਹੈ। ਕਾਰਸ਼ਾਪਣ ਨੂੰ ਪਰਾਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ।

ਪਾਨਿਣੀ, ਕੋਟਿਲਅ ਅਤੇ ਬੋਧਕ ਲੇਖਾਂ ਨੇ ਵੀ ਸਿਕਿਆਂ ਦਾ ਜਿਕਰ ਕਈ ਵਾਰੀ ਕੀਤਾ ਹੈ।

ਪੰਜਾਬ ਦੀ ਪ੍ਰਾਚੀਨਤਾ ਦੇ ਬਾਰੇ ਚ ਇਥੇ ਹੋਈਆਂ ਖੁਦਾਈਆਂ ਅਤੇ ਸਰਵੇਖਣ ਦੇ ਆਧਾਰ ਤੇ ਲਿਖਤ ਪਰਮਾਣਾਂ ਦਾ ਵੀ ਬਹੁਤ ਮਹਤਵਪੂਰਣ ਸਥਾਨ ਹੈ। ਪੰਜਵੀਂ ਈ. ਪੂ. ਤੋਂ ਮੱਧ ਯੁਗ ਤੱਕ ਸਿਕਿਆਂ ਦੇ ਅਧਾਰ ਤੇ ਪੰਜਾਬ ਦਾ ਇਕ ਲੜੀਵਾਰ ਇਤਿਹਾਸ ਬਣਾਇਆ ਜਾ ਸਕਦਾ ਹੈ।

ਪੰਜਾਬ ਚ ਸੱਭ ਤੋਂ ਪ੍ਰਾਚੀਨ ਸਿਕੇ ਜਿਨ੍ਹਾਂ ਨੂੰ ਕਿ Punch Mark Coins ਕਿਹਾ ਜਾਂਦਾ ਹੈ ਮਿਲੇ ਹਨ। ਇਨ੍ਹਾਂ ਦਾ ਸਮਾ 5 ਵੀ ਈ. ਪੂ. ਤੋਂ ਪਹਲੀ ਸ਼ਤਾਬਦੀ ਤੱਕ ਮੰਨਿਆ ਜਾਂਦਾ ਹੈ। ਪੁਰਾਤਤਵ ਦੇ ਅਧਾਰ ਤੇ ਬਹੁਤ ਹੀ ਪ੍ਰਾਚੀਨ ਥਾਵਾਂ, ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਸੰਘੋਲ, ਸੁਨੇਤ, ਰੋਪੜ, ਪਠਾਨਕੋਟ ਅਤੇ ਹੁਸ਼ਿਆਰਪੁਰ ਦੇ ਆਸਪਾਸ ਦੇ ਇਲਾਕਿਆਂ ਚੋਂ ਸਿਕਿਆਂ ਦੇ ਭੰਡਾਰ ਮਿਲੇ ਹਨ ਇਹ ਸਿਕੇ ਸੋਨੇ, ਚਾਂਦੀ ਅਤੇ ਤਾਂਬੇ ਦੇ ਬਣੇ ਹੋਏ ਨੇ। ਪੰਜਾਬ ਚੋਂ ਮਿਲੇ ਪ੍ਰਾਚੀਨ ਤਿਥੀਵਾਰ ਸਿਕਿਆਂ ਦਾ ਵੇਰਵਾ ਇਸ ਤਰ੍ਹਾਂ ਹੈ :

Punch Mark Coins (5 ਵੀ ਈ. ਪੂ ਤੋਂ ਪਹਲੀ ਸ਼ਤਾਬਦੀ)

ਜਿਵੇਂ ਕਿ ਉਪਰ ਕਿਹਾ ਜਾ ਚੁਕਿਆ ਹੈ ਇਹ ਸਿੱਕੇ ਸੱਭ ਤੋਂ ਪ੍ਰਾਚੀਨ ਹਨ। ਜਿਵੇਂ ਕਿ ਸੂਰਜ, ਚੰਦ, ਬ੍ਰਿਖ ਆਦਿ, ਇਹ ਸਿੱਕੇ ਗੋਲ, ਚਪਟੇ ਅਤੇ ਹੋਰ ਕਈ ਅਕਾਰਾਂ ਚ ਹੁੰਦੇ ਸਨ। ਇਨ੍ਹਾਂ ਸਿਕਿਆਂ ਦੇ ਸੰਗ੍ਰਿਹ ਜ਼ਿਆਦਾਤਰ ਸੰਘੋਲ, ਸੁਨੇਤ ਅਤੇ ਪਟਿਆਲਾ ਦੇ ਆਸਪਾਸ ਮਿਲਦੇ ਹਨ।

Cast Coins (3ਸਰੀ ਈ ਤੋਂ 2 ਸਰੀ ਸ਼ਤਾਬਦੀ)

ਇਹ ਸਿੱਕੇ ਜ਼ਿਆਦਾਤਰ ਚਾਂਦੀ ਅਤੇ ਤਾਂਬੇ ਦੇ ਬਣੇ ਹੋਏ ਵੇਖਣ ਚ ਆਂਉਂਦੇ ਹਨ। ਇਨ੍ਹਾਂ ਦੇ ਪਹਿਲਾਂ ਢਾਂਚੇ ਬਨਾ ਕੇ ਉਨ੍ਹਾਂ ਤੇ ਇਕ ਨਿਸ਼ਾਨ ਬਨਾਉਣ ਦੀ ਬਜਾਏ ਸਾਰਿਆਂ ਨੂੰ ਇਕੱਠਾ ਕਰਕੇ ਪਿਘਲੀ ਹੋਈ ਧਾਤ ਨੂੰ ਸਾਂਚੇ ਚ ਪਾ ਦਿਤਾ ਜਾਂਦਾ ਸੀ। ਯੋਧੇਅ ਨਾਮਕ ਕਬੀਲੇ ਨੇ ਸੱਭ ਤੋਂ ਪਹਿਲਾਂ ਇਸਦੀ ਸ਼ੁਰੂਆਤ ਕੀਤੀ। ਤਕਰੀਬਨ ਸਾਰੇ ਪੰਜਾਬ ਚ ਇਹ ਸਿੱਕੇ ਮਿਲਦੇ ਨੇ। ਰੋਪੜ ਦੇ ਆਸਪਾਸ ਕੁਝ ਜਿਆਦਾ ਮਿਲਦੇ ਨੇ। ਇਸਦੇ ਨਾਲ ਨਾਲ ਇਕ ਨਵਾਂ ਤਰੀਕਾ ਸ਼ੁਰੂ ਹੋਇਆ ਜਿਸ ਚ ਸਿੱਕੇ ਡਾਈ ਤਰੀਕੇ ਨਾਲ ਬਣਾਏ ਜਾਣ ਲੱਗ ਪਏ। ਇਸ ਤਰੀਕੇ ਨੂੰ ਉਤੱਰ-ਭਾਰਤ ਦੇ ਸੱਭ ਗਣਰਾਜਾਂ ਨੇ ਅਪਨਾ ਲੀਤਾ ਅਤੇ ਨਾਲ ਹੀ ਇਨ੍ਹਾਂ ਸਿਕਿਆਂ ਤੇ ਲਿਖਤਾਂ ਸ਼ੁਰੂ ਕਰ ਦਿਤੀਆਂ। ਸ਼ੁਰੂ ਚ ਇਹ ਸਿੱਕੇ ਇਕੋ ਪਾਸੇ ਅੰਕਤ ਹੁੰਦੇ ਸਨ ਬਾਦ ਵਿਚ ਦੋਵੇਂ ਪਾਸੇ ਹੋਣ ਲੱਗ ਪਏ।

ਯੋਧੇਆਂ (2ਸਰੀ ਈ. ਪੂਰਵ—4ਥੀ ਸ਼ਤਾਬਦੀ):

ਇਸ ਕਾਲ ਚ ਕਈ ਗਣਰਾਜਾਂ ਨੇ ਅਪਣੇ ਸਿੱਕੇ ਚਲਾਏ ਜਿਵੇਂ ਕਿ ਯੋਧੇਆ, ਅਰਜੁਨਾਇਨ, ਔਦੁੰਬਰ, ਵਰਿਸ਼ਨੀ, ਕੁਨਿੰਦ, ਮਾਲਵਾ, ਸੀਬੀ, ਨਾਗ, ਵਿਮਕਸ ਅਤੇ ਪਲ਼ੂਤ ਆਦਿ। ਪਾਨਿਣੀ ਅਤੇ ਕੋਟਿਲਅ ਇਨ੍ਹਾਂ ਨੂੰ ਆਯੁਧਜੀਵੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਸਤਰੋਪਜੀਵਨੀ ਕਿਹਾ ਹੈ ਜਿਸ ਦਾ ਅਰਥ ਹੈ ਲੜਾਈ ਕਰਨ ਵਾਲੀ 'ਜਨਜਾਤੀ'। ਇਹ ਜਾਤੀ ਬੜੀ ਸ਼ੂਰਵੀਰ ਸੀ ਅਤੇ ਇਨ੍ਹਾਂ ਨੇ ਅਪਣੇ ਰਾਜਾਂ ਅਤੇ ਨਾਮ ਦੇ ਸਿੱਕੇ ਚਲਾਏ ਜਿਨ੍ਹਾਂ ਤੇ 'ਯੌਧੇਅਗਣਸਿਅ ਜੈ' ਲਿਖਿਆ ਹੋਇਆ ਮਿਲਦਾ ਹੈ। ਸਿਕਿਆਂ ਦੇ ਇਕ ਪਾਸੇ. ਹਾਥੀ, ਬੈਲ, ਹਿਰਣ, ਮੋਰ, ਸਵਾਸਤਿਕ ਅਤੇ ਕਾਰਤਕੇਅ ਬਣਿਆ ਹੋਇਆ ਮਿਲਦਾ ਹੈ ਅਤੇ ਦੂਜੇ ਪਾਸੇ ਬ੍ਰਾਹਮੀ ਲਿਪੀ ਵਿਚ ਲਿਖਿਆ ਹੁੰਦਾ। ਹੈ ਇਨ੍ਹਾਂ ਦੇ ਸਿੱਕੇ ਪੰਜਾਬ ਵਿਚ ਸਭ ਤੋਂ ਜ਼ਿਆਦਾ ਮਿਲਦੇ ਹਨ।

ਮਾਲਵ--(2ਸਰੀ ਈ. ਪੂ . ਤੋਂ 6ਵੀਂ ਸ਼ਤਾਬਦੀ)

ਜਿਵੇਂ ਕਿ ਨਾਮ ਤੋਂ ਹੀ ਅਹਿਸਾਸ ਹੁੰਦਾ ਹੈ ਮਾਲਵ ਸੰਵਤ ਦੀ ਸ਼ੁਰੂਆਤ ਇਸ ਗਣਰਾਜ ਤੋਂ ਹੋਈ। ਇਨ੍ਹਾਂ ਦਾ ਜ਼ਿਕਰ ਮਹਾਭਾਰਤ ਵਿਚ ਵੀ ਆਉਂਦਾ ਹੈ। ਇਹ ਅਪਣੇ ਆਪ ਨੂੰ ਸੂਰਜਵੰਸ਼ੀ ਕਹਿੰਦੇ ਸਨ। ਸਿਕੰਦਰ ਦੀ ਲੜਾਈ ਵੇਲੇ ਇਸ ਜਾਤੀ ਨੇ ਡੱਟ ਕੇ ਮੁਕਾਬਲਾ ਕੀਤਾ। ਪੰਜਾਬ ਚ ਇਨ੍ਹਾਂ ਦਾ ਮੁੱਖ ਖੇਤਰ ਫਿਰੋਜਪੁਰ, ਪਟਿਆਲਾ ਅਤੇ ਭਠਿੰਡਾ ਸੀ। ਇਨ੍ਹਾਂ ਦੇ ਸਿੱਕੇ ਜ਼ਿਆਦਾ ਤਰ ਤਾਂਬੇ ਦੇ ਮਿਲਦੇ ਹਨ ਜਿਨ੍ਹਾਂ ਤੇ ਬ੍ਰਾਹਮੀ ਅਤੇ ਖਰੋਸ਼ਟੀ ਲਿਪੀ ਮਿਲਦੀ ਹੈ। ਸਮੁੰਦਰਗੁਪਤ ਦੇ ਇਲਾਹਾਬਾਦ ਅਭਿਲੇਖ ਵਿਚ ਵੀ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਦੇ ਨਾਲ ਨਾਲ ਅਦੁੰਬਰ, ਕੁਨਿੰਦ, ਵਰਿਸ਼ਨੀ ਅਤੇ ਤ੍ਰਿਗਰਤ ਗਣਰਾਜਾਂ ਦੇ ਸਿੱਕੇ ਵੀ ਮਿਲਦੇ ਹਨ।

ਸ਼ੁੰਗ-ਕੁਸ਼ਾਨ -(2ਸਰੀ ਈ. ਪੂ ਤੋਂ 3ਸਰੀ ਸ਼ਤਾਬਦੀ)

ਸ਼ੁੰਗ ਰਾਜਿਆਂ ਦੇ ਸਿੱਕੇ ਪੰਜਾਬ ਚ ਬਹੁਤ ਹੀ ਘੱਟ ਮਿਲਨ ਕਾਰਣ ਇਹ ਕਿਹਾ ਜਾ ਸਕਦਾ ਹੈ ਕਿ ਸ਼ੁੰਗ ਰਾਜਿਆਂ ਦਾ ਵਿਸਤਾਰ ਇਸ ਖੇਤਰ ਵਿਚ ਬਹੁਤ ਘੱਟ ਹੋਇਆ ਹੋਣਾ ਹੈ ਕਿਉਂਕਿ ਸ਼ੁੰਗ ਕਾਲ ਦੇ ਸਿੱਕੇ ਹੋਰਾਂ ਨਾਲੋਂ ਕਾਫੀ ਘੱਟ ਮਿਲਦੇ ਹਨ। ਇਸਦੇ ਇਲਾਵਾ ਕੁਸ਼ਾਨ ਸਮੇਂ ਦੇ ਸਿੱਕੇ ਪੰਜਾਬ ਵਿਚ ਕਾਫੀ ਮਾਤਰਾ ਵਿਚ ਮਿਲਦੇ ਹਨ। ਰੋਪੜ ਦੀ ਖੁਦਾਈ ਚੋਂ ਕੁਸ਼ਾਨ ਕਾਲ ਦੇ ਤਾਂਬੇ ਦੇ ਸਿਕਿਆਂ ਦਾ ਇਕ ਕਾਫੀ ਮਹਤਵਪੂਰਣ ਸੰਗ੍ਰਿਹ ਮਿਲਿਆ ਹੈ। ਸ਼ੁਰੂ ਸ਼ੁਰੂ ਵਿਚ ਕੁਸ਼ਾਨ ਕਾਲ ਦੇ ਸੋਨੇ ਦੇ ਬਣੇ ਸਿੱਕੇ ਵੀ ਮਿਲਦੇ ਹਨ। ਪਰ ਬਾਦ ਵਿਚ ਸਿਰਫ ਤਾਂਬੇ ਦੇ ਹੀ ਮਿਲਦੇ ਹਨ। ਕੁਸ਼ਾਨ ਕਾਲੀਨ ਸਿਕਿਆਂ ਦੇ ਅਧਾਰ ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਲੋਗ ਸ਼ਿਵ ਦੇ ਉਪਾਸਕ ਵੀ ਸਨ। ਕਿਉਂਕਿ ਕੁਝ ਸਿਕਿਆਂ ਤੇ ਸ਼ਿਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਬੈਲ ਤੇ ਬੈਠੇ ਹੋਏ ਚਿਤਰਿਤ ਕੀਤਾ ਗਿਆ ਹੈ ਅਤੇ ਇਕ ਪਾਸੇ 'ਮਹੇਸ਼ਵਰਸਿਅ' ਲਿਖਿਆ ਹੋਇਆ ਮਿਲਦਾ ਹੈ। ਇਹ ਸਿੱਕੇ ਜ਼ਿਆਦਾਤਰ ਸੰਘੋਲ, ਰੋਪੜ, ਸੁਨੇਤ ਅਤੇ ਪਟਿਆਲਾ ਦੇ ਆਸਪਾਸ ਮਿਲਦੇ ਹਨ। ਇਨ੍ਹਾਂ ਸਿਕਿਆਂ ਦੇ ਇਕ ਪਾਸੇ ਗ੍ਰੀਕ ਅਤੇ ਦੂਜੇ ਪਾਸੇ ਬ੍ਰਾਹਮੀ ਜਾਂ ਖਰੋਸ਼ਟੀ ਲਿਪੀ ਚ ਲਿਖਿਆ ਹੋਇਆ ਮਿਲਦਾ ਹੈ।

ਨਾਲ ਹੀ ਇਸ ਕਾਲ ਵਿਚ Indo-Greek ਰਾਜਿਆਂ ਦੇ ਸਿੱਕੇ ਵੀ ਮਿਲਦੇ ਹਨ। ਇਹ ਜ਼ਿਆਦਾਤਰ ਸੋਨੇ ਦੇ ਬਣੇ ਹੋਏ ਹੁੰਦੇ ਸੀ। ਡੈਮਿਟਿਅਰਸ ਨਾਮਕ ਰਾਜਾ ਨੇ ਸਭ ਤੋਂ ਪਹਿਲਾਂ ਦੋਭਾਸ਼ੀ ਸਿੱਕੇ ਚਲਾਏ ਸਨ।

ਗੁਪਤ ਕਾਲ 3ਸਰੀ ਸ਼ਤਾਬਦੀ ਤੋਂ 6-7ਵੀਂ ਸ਼ਤਾਬਦੀ

ਗੁਪਤ ਕਾਲ ਨੂੰ 'ਸਵਰਨ ਯੁਗ' ਵੀ ਕਿਹਾ ਜਾਂਦਾ ਹੈ। ਇਸ ਕਾਲ ਦੇ ਸ਼ਾਸਕਾਂ ਨੇ ਸ਼ੁਰੂ ਸ਼ੁਰੂ ਵਿਚ ਸੋਨੇ ਦੇ ਬਣੇ ਹੋਏ ਸਿੱਕੇ ਹੀ ਚਲਾਏ ਸੀ ਪਰ ਬਾਦ ਵਿਚ ਚਾਂਦੀ ਅਤੇ ਤਾਂਬੇ ਦੇ ਬਣੇ ਸਿਕਿਆਂ ਦਾ ਪ੍ਰਚਲਨ ਵੀ ਹੋ ਗਿਆ। ਚਾਂਦੀ ਅਤੇ ਤਾਂਬੇ ਦੇ ਸਿੱਕੇ ਰਾਜਾ ਚੰਦਰਗੁਪਤ II ਨੇ ਸ਼ੁਰੂ ਕੀਤੇ। Standard type ਦੇ ਸਿੱਕੇ ਸਮੁੰਦਰਗੁਪਤ ਦੀ ਇਕ ਖਾਸ ਵਿਸ਼ੇਸ਼ਤਾ ਸੀ। ਇਨ੍ਹਾਂ ਦੇ ਸਿਕਿਆਂ ਦੇ ਇਕ ਪਾਸੇ ਕਿਸੇ ਦੇਵੀ ਜਾਂ ਦੇਵਤਾ ਚਿਤਰਿਤ ਸਨ ਅਤੇ ਦੂਜੇ ਪਾਸੇ ਗੋਲਾਕਾਰ ਰੂਪ ਵਿਚ ਰਾਜੇ ਦਾ ਨਾਮ ਹੁੰਦਾ ਸੀ ਜੋ ਕਿ ਬ੍ਰਾਹਮੀ ਲਿਪੀ ਵਿਚ ਲਿਖਿਆ ਹੁੰਦਾ ਸੀ। ਇਸ ਕਾਲ ਦੇ ਸਿੱਕੇ ਰੋਪੜ, ਸੰਘੋਲ ਅਤੇ ਸੁਨੇਤ ਦੇ ਆਸਪਾਸ ਪਾਏ ਜਾਂਦੇ ਹਨ।

ਹੂਣ (4ਥੀ ਸ਼ਤਾਬਦੀ ਤੋਂ 7ਵੀਂ ਸ਼ਤਾਬਦੀ)

ਹੂਣ ਜਾਤੀ ਕੌਣ ਸੀ ਅਤੇ ਕਿਥੋਂ ਆਈ ਸੀ। ਇਹ ਅਜੇ ਤੱਕ ਵਿਦਵਾਨਾਂ ਲਈ ਵਾਦ-ਵਿਵਾਦ ਦਾ ਵਿਸ਼ਾ ਹੈ। ਕੁਝ ਵਿਦਵਾਨਾਂ ਅਨੁਸਾਰ ਇਹ ਜਾਤੀ ਮੱਧ ਏਸ਼ੀਆ ਤੋਂ ਆਈ। ਉਨ੍ਹਾਂ ਦੇ ਮਿਲੇ ਲਿਖਿਤ ਪ੍ਰਮਾਣਾਂ ਦੇ ਅਧਾਰ ਤੇ ਇਹ ਕਹਿਨਾ ਸ਼ਾਇਦ ਸਹੀ ਹੋਵੇਗਾ ਕਿ ਇਹ ਜਾਤੀ ਕਾਫੀ ਜ਼ਾਲਮ ਅਤੇ ਲੜਾਕੂ ਸੀ ਜੋ ਕਿ ਲੜਾਈ ਕਰਨ ਵਾਸਤੇ ਹਮੇਸ਼ਾ ਤਿਆਰ ਰਹਿੰਦੀ ਸੀ, ਜਿਸਦੀ ਪੁਸ਼ਟੀ ਸਕੰਦਗੁਪਤ ਦੇ ਭੀਤਰੀ ਅਭਿਲੇਖ ਤੋਂ ਹੁੰਦੀ ਹੈ। ਪਹਿਲਾਂ ਇਸ ਜਾਤੀ ਦੇ ਬਾਰੇ ਵਿਚ ਬਹੁਤ ਘੱਟ ਲਿਖਿਤ ਪਰਮਾਣ ਸਨ ਪਰ ਸੰਘੋਲ ਵਿਚ ਹੋਈ ਖੁਦਾਈ ਦੇ ਅਧਾਰ ਤੇ ਉਨ੍ਹਾਂ ਚੋਂ ਮਿਲੇ ਕਾਫੀ ਸਿੱਕੇ ਅਤੇ ਮੋਹਰਾਂ ਦੇ ਅਧਾਰ ਤੇ ਇਸ ਬਾਰੇ ਜਾਣਕਾਰੀ ਵਿਚ ਕੁਝ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਧਾ ਹੋਇਆ ਹੈ। ਇਸ ਕਾਲ ਦੇ ਕੁਝ ਮੁੱਖ ਰਾਜੇ ਹਨ ਮਿਹਿਰਕੁਲ, ਤੋਰਮਾਣ ਅਤੇ ਬਲਭੂਤੀ। ਹਾਲ ਵਿਚ ਹੋਈ ਖੁਦਾਈ ਚੋਂ ਭੀਮਸੇਨ, ਸ਼੍ਰੀਬਲ, ਅਤੇ ਚੰਦਰਗੁਪਤ ਦੇ ਨਾਮ ਪਹਿਲੀ ਵਾਰ ਮਿਲੇ ਹਨ। ਐਰਨ ਸ਼ਿਲਾਲੇਖ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਰਾਜਿਆਂ ਦੀ ਲੜਾਈ ਚੰਦਰਗੁਪਤ II ਨਾਲ ਹੋਈ। ਗਾਰਗੀ ਸੰਹਿਤਾ ਅਨੁਸਾਰ ਪੁਸ਼ਿਆਮਿਤੱਰ ਦੇ ਵੇਲੇ ਇਨ੍ਹਾਂ ਦੀ ਲੜਾਈ ਹੋਈ ਅਤੇ ਪੰਜਾਬ ਅਤੇ ਕਸ਼ਮੀਰ ਵਿਚ ਇਨ੍ਹਾਂ ਦਾ ਕਾਫੀ ਬੋਲਬਾਲਾ ਸੀ। ਇਹ ਲੋਗ ਪਾਟਲੀਪੁੱਤਰ ਤੱਕ ਵੀ ਗਏ। ਇੱਕ ਦੱਮ ਇਹ ਜਾਤੀ ਕਿਥੇ ਲੁਪਤ ਹੋ ਗਈ ਇਸ ਬਾਰੇ ਵਿਚ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ।

ਪੰਜਾਬ ਦੇ ਲੜੀਵਾਰ ਇਤਿਹਾਸ ਬਾਰੇ ਜਾਣਕਾਰੀ ਦੇਣ ਵਿਚ ਜਿਤਨੀ ਮਹਤੱਤਾ ਸਿਕਿਆਂ ਦੀ ਹੈ ਉਤਨੀ ਹੀ ਅਭਿਲੇਖਾਂ, ਮੋਹਰਾਂ ਅਤੇ ਮੋਹਰਛਾਪਾਂ ਦੀ ਵੀ ਹੈ। ਅਨਵੇਖਣ ਅਤੇ ਖੁਦਾਈਆਂ ਦੇ ਦੌਰਾਨ ਕਈ ਮੂਰਤਾਂ, ਮੋਹਰਾਂ ਅਤੇ ਮੋਹਰਛਾਪਾਂ ਹਜ਼ਾਰਾਂ ਅਤੇ ਮਣਾਂ ਦੀ ਤਾਦਾਦ ਵਿਚ ਮਿਲਿਆਂ ਹਨ। ਮੋਹਰਾਂ ਦੇ ਸਾਂਚੇ ਵੀ ਅਨਗਿਣਤ ਰੂਪ ਵਿਚ ਮਿਲਦੇ ਹਨ। ਲੁਧਿਆਨੇ ਕੋਲ ਸੁਨੇਤ ਨਾਮਕ ਥਾਂ ਤੋਂ ਤਾਂ ਮੋਹਰਾਂ ਦੀ ਇਕ ਟਕਸਾਲ ਮਿਲੀ ਹੈ ਜਿਸ ਵਿਚੋਂ ਮਣਾਂ ਦੀ ਤਾਦਾਦ ਚ ਮੋਹਰਾਂ ਅਤੇ ਮੋਹਰਛਾਪਾਂ ਮਿਲੀਆਂ ਹਨ।

ਲਿਖਤ ਪ੍ਰਮਾਣਾਂ ਵਿਚ ਅਭਿਲੇਖ ਵੀ ਇਕ ਮਹਤੱਵਪੂਰਣ ਸਥਾਨ ਰਖਦੇ ਹਨ। ਵਰਤਮਾਨ ਪੰਜਾਬ ਚੋਂ ਅਭਿਲੇਖ ਕੇਵਲ ਦੋ ਥਾਵਾਂ ਤੋਂ ਹੀ ਮਿਲੇ ਹਨ। ਸੰਘੋਲ ਨਾਮਕ ਥਾਂ ਦੀ ਖੁਦਾਈ ਤੋਂ ਅਤੇ ਪਠਾਨਕੋਟ ਕੋਲ ਡੰਗ ਗੁਫਾਵਾਂ ਚੋਂ। ਇਸ ਦੀ ਹੋਰ ਵਿਸਤਾਰ ਪੂਰਵਕ ਜਾਣਕਾਰੀ ਲਈ ਵਰਤਮਾਨ ਪੰਜਾਬ ਵਿਚ ਸਿਲਸਲੇਵਾਰ ਅਣਵੇਖਣ ਅਤੇ ਖੁਦਾਈਆਂ ਹੋਣੀਆਂ ਜਰੂਰੀ ਹਨ।

ਪੰਜਾਬ ਦੀ ਪ੍ਰਾਚੀਨਤਾ (ਪੁਰਾਤਾਤਵੱਕ ਪ੍ਰਮਾਣ)

ਪੰਜਾਬ ਇਕ ਬਹੁਤ ਹੀ ਪ੍ਰਾਚੀਨ ਧਰਤੀ ਹੈ। ਵੇਦਾਂ ਅਤੇ ਪੁਰਾਣਾਂ ਰਾਹੀਂ ਪੰਜਾਬ ਦੇ ਬਾਰੇ ਕਈ ਸੰਦਰਭ ਮਿਲਦੇ ਰਹੇ ਹਨ। ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਪੰਜਾਬ ਦਾ ਵੈਭਵ ਕਾਫੀ ਪ੍ਰਾਚੀਨ ਸਮੇਂ ਤੋਂ ਰਿਹਾ ਹੈ। ਇਥੋਂ ਦੇ ਅਣਵੇਖਣ ਅਤੇ ਖੁਦਾਈਆਂ ਦੇ ਅਧਾਰ ਤੇ ਇਵੇਂ ਜਾਪਦਾ ਹੈ ਕਿ ਇਸ ਦੀ ਪ੍ਰਾਚੀਨਤਾ ਲਖਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਲਾਂ ਤੋਂ ਲੈਕੇ ਅੱਜ ਤੱਕ ਗੌਰਵਪੂਰਣ ਰਹੀ ਹੈ। ਪੰਜਾਬ ਸਦੀਆਂ ਤੋਂ ਸ਼ੁਰੂ ਤੋਂ ਹੀ ਕ੍ਰਾਂਤਿਕਾਰੀ ਅਤੇ ਸਾਂਸਕ੍ਰਿਤਿਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ।

ਹਾਲ ਵਿਚ ਹੀ ਪ੍ਰਾਕ-ਇਤਿਹਾਸਕਾਰਾਂ ਨੇ ਸੋਚਿਆ ਕਿ ਪੱਥਰ ਦੇ ਹਥਿਆਰ ਨਦੀਆਂ ਦੇ ਕੰਢਿਆਂ ਤੇ ਹੀ ਮਿਲਦੇ ਹਨ ਪਰ (handaxes, cleavers, choppers, scrapers and cores) ਦੇ ਹਿਮਾਲੇ ਅਤੇ ਸ਼ਿਵਾਲਕ ਖੇਤਰਾਂ ਚੋਂ ਮਿਲਣ ਨਾਲ ਪ੍ਰਾਕ-ਇਤਿਹਾਸਕ ਥਾਵਾਂ ਦਾ ਪੱਛਮੀ ਉਪ-ਹਿਮਾਲੇ ਖੇਤਰ ਵਿਚ ਹੋਰ ਵਾਧਾ ਹੋ ਗਿਆ ਹੈ। ਪੰਜਾਬ ਪੁਰਾਤਤੱਵ ਵਿਭਾਗ ਅਤੇ ਪੰਜਾਬ ਯੂਨੀਵਰਸਿਟੀ ਨੇ ਸੁਤੰਤਰ ਰੂਪ ਵਿਚ ਹਾਲ ਵਿਚ 90 Stone Age sites ਖੋਜੀਆਂ ਹਨ। ਅਨੁਮਾਨ ਹੈ ਕਿ ਸ਼ਿਵਾਲਕ ਫਰੰਟਲ ਰੇਂਜ ਦੇ ਘੱਗਰ ਅਤੇ ਰਾਵੀ ਦੇ ਵਿਚ ਦਾ ਹਿੱਸਾ ਉੱਤਰੀ-ਭਾਰਤ ਦੇ ਸੱਭ ਤੋਂ ਪ੍ਰਾਚੀਨ ਮਨੁੱਖ (ਪ੍ਰਾਕ ਇਤਿਹਾਸਕ) ਦੇ ਸਾਂਸਕ੍ਰਿਤਿਕ ਨਮੂਨੇ ਤੇ ਕੁਝ ਹੋਰ ਪ੍ਰਕਾਸ਼ ਪਾਉਣ ਵਿਚ ਸਹਾਇਕ ਹੋਵੇਗਾ। ਇਹ ਖੋਜ ਪੰਜਾਬ ਦੇ ਆਦਿ ਮਨੁਖ ਨੂੰ 4,00,000 ਸਾਲ ਪਿਛੇ ਲੈ ਜਾਂਦੀ ਹੈ। ਜਦ ਕਿ ਉਹ food gatherer ਅਤੇ hunting stage ਵਿਚ ਸੀ। ਹਾਲ ਵਿਚ ਜ਼ਿਲਾ ਕਪੂਰਥਲਾ ਦੇ ਫਗਵਾੜਾ ਕੋਲ ਦੌਮੇਲੀ ਨਾਮਕ ਥਾਂ ਤੋਂ ਇਸ ਤਰ੍ਹਾਂ ਦੇ ਅਵਸ਼ੇਸ਼ ਮਿਲੇ ਹਨ, ਜਿਨ੍ਹਾਂ ਨਾਲ ਇਹ ਵੀ ਸ਼ਾਇਦ ਸਾਬਿਤ ਹੋਵੇਗਾ ਕਿ ਆਦਿ ਮਨੁਖ ਨੇ ਇਕ ਥਾਂ ਤੇ ਰਹਿ ਕੇ ਖੇਤੀ ਬਾੜੀ ਵੀ ਸ਼ੁਰੂ ਕੀਤੀ ਸੀ। ਇਸ ਤੇ ਪ੍ਰਕਾਸ਼ ਪਾਉਣ ਲਈ ਹੋਰ ਖੋਜ ਦੀ ਜ਼ਰੂਰਤ ਹੈ।

ਪੂਰਵ ਪਾਸ਼ਾਨ ਕਾਲ :

ਇਸ ਨੂੰ 'ਪੂਰਵ ਪਾਸ਼ਾਨ ਕਾਲ' ਜਾਂ 'ਪੱਥਰ ਯੁਗ' ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਉਹ ਕਾਲ ਹੈ ਜੱਦ ਮਨੁੱਖ ਕੁਝ ਵੀ ਨਹੀਂ ਸੀ ਜਾਣਦਾ ਅਤੇ ਜਾਨਵਰਾਂ ਦੀ ਤਰ੍ਹਾਂ ਅਪਨਾ ਜੀਵਨ ਵਤੀਤ ਕਰਦਾ ਸੀ। ਇਸ ਕਾਲ ਦਾ ਮਾਨਵ ਸਿਰਫ ਪੱਥਰ ਦੇ ਬਣੇ ਹੋਏ ਔਜ਼ਾਰ ਹੀ ਬਣਾਉਂਦਾ ਅਤੇ ਉਨ੍ਹਾਂ ਨੂੰ ਇਸਤੇਮਾਲ ਕਰਦਾ ਸੀ। ਹਥਿਆਰਾਂ ਚੋਂ ਉਹ ਕੁਠਾਰ, ਗੰਡਾਸੇ, ਅਤੇ ਰੁਖਾਨੀ ਔਜ਼ਾਰ ਆਦਿ ਹੀ ਬਣਾਉਂਦਾ ਅਤੇ ਉਨ੍ਹਾਂ ਨੂੰ ਇਸਤੇਮਾਲ ਵਿਚ ਲਿਆਂਦਾ ਸੀ।

ਪਾਸ਼ਾਨ ਕਾਲ ਦੇ ਅਵਸ਼ੇਸ਼ ਤਕਰੀਬਨ ਸਾਰੇ ਭਾਰਤ ਵਿਚ ਪਾਏ ਜਾਂਦੇ ਹਨ। ਹਾਲਾਂਕਿ ਇਸ ਕਾਲ ਦੇ ਪੂਰਨ ਵਿਕਸਿਤ ਮਨੁੱਖ ਦਾਂ ਕੰਕਾਲ ਭਾਰਤ ਵਿਚ ਅਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਕ ਨਹੀਂ ਮਿਲਿਆ ਫੇਰ ਵੀ ਪੱਥਰ ਦੇ ਔਜ਼ਾਰ ਭਾਰਤ ਚ ਪਾਸ਼ਾਨ ਕਾਲ ਦੇ ਤਿਨ੍ਹਾਂ ਕਾਲਾਂ ਦੇ ਵਿਸ਼ੇ ਚ ਜਾਣਕਾਰੀ ਦੇਂਦੇ ਹਨ। ਭਾਰਤ ਚ ਮੱਧ ਪਾਸ਼ਾਨ ਕਾਲ ਦੀਆਂ ਚਿਤੱਰਕਾਰੀਆਂ ਕਈ ਗੁਫਾਵਾਂ ਦੇ ਅੰਦਰ ਚਿਤਰਿਤ ਹੋਈਆਂ ਮਿਲਦੀਆਂ ਹਨ।

ਇਸ ਕਾਲ ਦਾ ਮਨੁੱਖ ਘੁਮੱਕੜ ਜੀਵਨ ਬਿਤਾਉਂਦਾ ਸੀ ਅਤੇ ਨਦੀਆਂ ਦੇ ਕੰਢੇ ਜਾਂ ਪਹਾੜਾਂ ਦੀਆਂ ਗੁਫਾਵਾਂ ਵਿਚ ਵਾਸ ਕਰਦਾ ਸੀ। ਉਹ ਕੇਵਲ ਪਥੱਰ ਦੇ ਹਥਿਆਰ ਹੀ ਬਣਾਉਂਦਾ ਸੀ ਜਿਨ੍ਹਾਂ ਨੂੰ ਉਹ ਜਾਨਵਰਾਂ ਦੇ ਸ਼ਿਕਾਰ ਲਈ, ਉਨ੍ਹਾਂ ਦਾ ਮਾਸ ਕੱਟਣ ਲਈ ਅਤੇ ਉਨ੍ਹਾਂ ਦੀ ਚਮੜੀ ਉਤਾਰਨ ਦੇ ਕੰਮ ਚ ਲਿਆਉਂਦਾ ਸੀ। ਮੁਖ ਰੂਪ ਚ ਉਹ Handaxes, Cleavers and Chopper Chopping ਨਾਮਕ ਹਥਿਆਰ ਇਸਤੇਮਾਲ ਕਰਦਾ ਸੀ।

ਪੰਜਾਬ ਵਿਚ ਕਈ ਅਜਿਹਿਆਂ ਥਾਵਾਂ ਹਨ ਜਿਨ੍ਹਾਂ ਚੋਂ ਇਸ ਕਾਲ ਦੇ ਉਪਕਰਣ ਮਿਲਦੇ ਹਨ। ਇਨ੍ਹਾਂ ਦੇ ਅਵਸੇਸ਼ ਸਿਰਸਾ, ਬਿਆਸ ਅਤੇ ਬਾਣ ਗੰਗਾ ਦੀਆਂ ਘਾਟੀਆਂ ਚੋਂ ਮਿਲੇ ਹਨ। ਹਾਲਾਂਕਿ ਇਨ੍ਹਾਂ ਵਿਚੋਂ ਕੁਝ ਥਾਵਾਂ ਵਰਤਮਾਨ ਪੰਜਾਬ ਵਿਚ ਨਹੀਂ ਹਨ ਫਿਰ ਵੀ ਖੇਤਰੀ ਅਣਵੇਖਣ ਦੇ ਅਧਾਰ ਤੇ ਇਹ ਇਲਾਕਾ ਵਰਤਮਾਨ ਪੰਜਾਬ ਦੇ ਆਸਪਾਸ ਦਾ ਹੈ।

ਨਾਲਾਗੜ੍ਹ ਨਾਮਕ ਥਾਂ ਕੋਲ ਸਤਲੁਜ ਦੀ ਇਕ ਸਹਾਇਕ ਨਦੀ ਕੋਲੋਂ ਸੱਭ ਤੋਂ ਪਹਿਲਾਂ 1951 ਵਿਚ ਪਰੂਫਰ ਨਾਮਕ ਵਿਦਵਾਨ ਨੂੰ ਕਈ ਅਜਿਹਿਆਂ ਥਾਵਾਂ ਮਿਲੀਆਂ ਸਨ ਜਿਨ੍ਹਾਂ ਚੋਂ ਪਾਸ਼ਾਨ ਕਾਲੀਨ ਹਥਿਆਰ ਮਿਲੇ ਹਨ ਜੋ ਕਿ Pebble tools ਅਤੇ Flake tools ਹਨ। ਧਰਨੀਸੇਨ ਨਾਮਕ ਵਿਦਵਾਨ ਨੇ ਇਨ੍ਹਾਂ ਦੇ ਬਾਰੇ ਲਿਖਿਆ ਹੈ ਕਿ "ਬੁਨਿਆਦੀ ਰੂਪ ਵਿਚ ਇਹ scrapers ਅਤੇ choppers ਹਨ। ਇਨ੍ਹਾਂ ਦੀ ਸਮਾਨਤਾ ਸੋਹਾਨ ਕਾਲੀਨ ਔਜ਼ਾਰਾਂ ਨਾਲ ਹੁੰਦੀ ਹੈ। ਡਾ. ਵਾਈ. ਡੀ. ਸ਼ਰਮਾ ਨੂੰ 1954 ਵਿਚ ਦੌਲਤਪੁਰ ਕੋਲ ਬਿਆਸ ਦੀ ਇਕ ਸਹਾਇਕ ਨਦੀ ਸੋਹਾਨ ਕੋਲੋਂ ਵੀ ਕੁਝ ਪਾਸ਼ਾਨ ਕਾਲੀਨ ਔਜ਼ਾਰ ਮਿਲੇ ਹਨ ਜੋ ਕਿ ਇਸ ਕਾਲ ਦੇ ਬਾਰੇ ਹੋਰ ਪ੍ਰਕਾਸ਼ ਪਾਉਣ ਵਿਚ ਸਹਾਇਕ ਹਨ।

ਜਿਵੇਂ ਕਿ ਉਪਰ ਕਿਹਾ ਜਾ ਚੁਕਿਆ ਹੈ ਕਿ ਪੁਰਾਤੱਤਵ ਵੇਤਾਵਾਂ ਅਤੇ ਇਤਿਹਾਸਕਾਰਾਂ ਨੇ ਕੁਝ ਥਾਵਾਂ ਤੋਂ ਪੂਰਵ ਪਾਸ਼ਾਨ ਕਾਲੀਨ ਹਥਿਆਰਾਂ ਦਾ ਅਣਵੇਖਣ ਕੀਤਾ। 1979 ਵਿਚ ਮਹਾਪਾਤਰ ਨਾਮਕ ਪ੍ਰਾਕ-ਇਤਿਹਾਸਕਾਰ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਵਾਲਕ ਫਰੰਟਲ ਰੇਂਜ ਦ ਪੱਛਮੀ ਉਪ-ਹਿਮਾਲੇ ਚੋਂ ਸਤਰੀਕਰਣ ਦੇ ਹਿਸਾਬ ਨਾਲ ਪ੍ਰਾਕ ਪਾਸ਼ਾਨ ਕਾਲੀਨ ਔਜ਼ਾਰਾਂ ਦਾ ਅਣਵੇਖਣ ਕਰਕੇ ਪੰਜਾਬ ਦੇ ਇਤਿਹਾਸ ਤੇ ਹੋਰ ਪ੍ਰਕਾਸ਼ ਪਾਇਆ। ਹੇਠ ਲਿਖੇ ਖੇਤਰਾਂ ਚੋਂ ਸਤਰੀਕਰਣ ਦੇ ਅਧਾਰ ਤੇ ਔਜ਼ਾਰ ਮਿਲੇ ਹਨ–

1. ਚੰਡੀਗੜ੍ਹ ਸ਼ਿਵਾਲਕ ਰੇਂਜ ਜੋ ਕਿ ਸਤਲੁਜ ਅਤੇ ਘੱਗਰ ਵਿਚ ਦੇ ਖੇਤੱਰ ਚੋਂ ਚਾਰ ਥਾਵਾਂ ਤੋਂ ਮਿਲੀਆਂ ਹਨ ਜਿਨ੍ਹਾਂ ਦੇ ਨਾਮ ਨੇ ਨਾੜਾਸਾਹਿਬ, ਸਕੇਤ੍ਰੀ, ਕਰੋਰਉਪਰਲੀ ਅਤੇ ਸਿਸਵਾਲ)

2. ਰੋਪੜ ਕੋਲ ਹੁਸ਼ਿਆਰਪੁਰ ਦੀ ਦੱਖਣ ਸ਼ਿਵਾਲਕ ਰੇਂਜ ਚੋਂ ਜਟਵਾੜ, ਗੜਬੱਗਾ ਅਤੇ ਕਰਨਪੁਰ ਖੂਹੀ ਤੋਂ ਵੀ ਇਸ ਕਾਲ ਦੇ ਔਜ਼ਾਰ ਮਿਲੇ ਹਨ।

3. ਦੌਲਤਪੁਰ ਦੇ ਕੋਲ ਉਤੱਰੀ ਹੁਸ਼ਿਆਰਪੁਰ ਰੇਂਜ ਕੋਲੋਂ ਦੌਲਤਪੁਰ ਨਾਮਕ ਥਾਂ ਤੋਂ ਵੀ ਇਸ ਕਾਲ ਦੇ ਔਜਾਰ ਮਿਲੇ ਹਨ।

ਉਪੱਰ ਲਿਖੀਆਂ ਸਾਰੀਆਂ ਥਾਵਾਂ ਵਿਚੋਂ Chopper-chopping, Acheulian Handaxes ਅਤੇ Cleavers ਮਿਲੇ ਹਨ।

ਐਤਬਪੁਰ ਦੇ ਖੇਤੱਰ ਚੋਂ Chopper-Chopping ਛੱਡ ਕੇ ਬਾਕੀ ਦੂਜੇ ਹਥਿਆਰ ਮਿਲੇ ਨੇ ਜੋ ਕਿ ਇਸ ਕਾਲ ਨਾਲ ਸੰਬਧੰਤ ਹਨ।

ਹਾਲ ਵਿਚ ਹੀ ਪੰਜਾਬ Sub-Himalaya ਤੋਂ ਤਿੰਨ Acheulian ਔਜਾਰ ਮਿਲੇ ਹਨ। ਨਵੀਂ ਹੋਈ ਇਸ ਖੋਜ ਨਾਲ ਖਾਸ ਜਾਣਕਾਰੀ ਮਿਲਦੀ ਹੈ। ਸੱਭ ਤੋਂ ਜ਼ਿਆਦਾ bifaces ਅਤੇ cleavers ਐਤਬਪੁਰ ਨਾਮਕ ਥਾਂ ਤੋਂ ਮਿਲੇ ਹਨ। ਇਹ ਥਾਂ ਸ਼ਿਵਾਲਕ range ਦੇ ਪੱਬਾਂ ਵਿਚ ਹੁਸ਼ਿਆਰਪੁਰ ਤੋਂ ਕਰੀਬ 8 ਕਿ. ਮੀ. ਹਰਿਆਨਾ ਨਾਮਕ ਪਿੰਡ ਤੋਂ (Lat. 31°40′ N Long 75°55′) ਤੇ ਸਥਿਤ ਹੈ। ਇਹ range ਪਿੰਜੋਰ ਤੋਂ ਚਲਦੀ ਹੋਈ ਚੰਡੀਗੜ ਅਤੇ ਰੋਪੜ ਤੋਂ ਹੁੰਦੀ ਹੋਈ ਪਠਾਨਕੋਟ ਤੱਕ ਜਾ ਲਗਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਤਬਪੁਰ ਤੋਂ ਕਰੀਬ 4 ਕਿ. ਮੀ. ਰਹਿਮਾਨਪੁਰ ਅਤੇ ਉਥੋਂ 2 ਕਿ ਮੀ. ਟਿੱਖਣੀ ਨਾਮਕ ਥਾਂ ਤੋਂ ਵੀ Acheulian ਹਥਿਆਰ ਮਿਲੇ ਹਨ ।

ਰੋਪੜ ਤੋਂ 20 ਕਿ. ਮੀ. ਉੱਤਰ-ਪਛਮ ਵੱਲ ਜਤਮਾਰ ਨਾਮਕ ਥਾਂ ਤੋਂ ਜਿਹੜੀ ਕਿ ਇਸੇ range ਵਿਚ ਹੀ ਆਉਂਦੀ ਹੈ cleaver ਮਿਲੇ ਹਨ ।

ਚੰਡੀਗੜ ਤੋਂ 10 ਕਿ. ਮੀ. ਪੂਰਬ ਵਲ ਕੋਟਲਾ ਨਾਮਕ ਥਾਂ ਤੋਂ Biface handaxes ਮਿਲੀਆਂ ਹਨ ।

1981-82 ਵਿਚ ਸਿਲਸਿਲੇਵਾਰ ਅਣਵੇਖਣ ਕਰਨ ਮਗਰੋਂ ਕੇ. ਕੇ. ਰਿਸ਼ੀ ਨੂੰ ਜਿਲਾ ਗੁਰਦਾਸਪੁਰ ਵਿਚ ਰਾਵੀ ਦੇ ਕੰਢੇ ਅੱਪਰ ਸ਼ਿਵਾਲਕ ਵਿਚ ਪਠਾਨਕੋਟ ਦੇ ਕੋਲ 6 ਪਾਸ਼ਾਨ ਕਾਲੀਨ ਥਾਵਾਂ ਮਿਲੀਆਂ ਹਨ ਜਿਨ੍ਹਾਂ ਵਿਚੋਂ ਪ੍ਰਾਕ ਇਤਿਹਾਸਿਕ ਕਾਲੀਨ ਮਨੁੱਖ ਦੇ ਹਥਿਆਰ ਮਿਲੇ ਹਨ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਪੰਜਾਬ ਦੇ ਸ਼ਿਵਾਲਕ ਪਹਾੜੀਆਂ ਚੋਂ 'ਰਾਮਾਪਿਥਿਕਸ' ਨਾਮਕ ਆਦਿ ਮਾਨਵ ਦੇ ਮਿਲਣ ਨਾਲ ਮਨੁੱਖ ਦੇ ਵਿਕਾਸ ਦਾ ਭਾਰਤ ਚ ਹੀ ਨਹੀਂ ਪਰੰਤੂ ਸਾਰੇ ਸੰਸਾਰ ਵਿਚ ਇਸ ਦਾ ਬੜਾ ਮਹੱਤਵ ਹੋ ਗਿਆ ਹੈ । ਆਦਿ ਮਾਨਵ ਦੇ ਵਿਕਾਸ ਦੇ ਇਤਿਹਾਸ ਵਿਚ 'ਰਾਮਾਪਿਥਿਕਸ (ਪੰਜਾਬਿਕਸ) ਦੇ ਅਵਸ਼ੇਸ਼ਾਂ ਨੇ ਇਕ ਮਹਤੱਵਪੂਰਨ ਕਦਮ ਦਾ ਸੰਕੇਤ ਦਿੱਤਾ ਹੈ । 'ਰਾਮਾਪਿਥਿਕਸ' ਨਾਮਕ ਆਦਿ ਮਾਨਵ ਇਸ ਖੇਤੱਰ ਵਿਚ ਲਗਭੱਗ ਦਸ ਲੱਖ ਸਾਲ ਪਹਿਲਾਂ ਸੀ ।

ਇਸ ਤੋਂ ਬਾਦ ਹਾਲਾਂਕਿ ਆਦਿ ਮਾਨਵ ਦਾ ਕੋਈ ਕੰਕਾਲ ਨਹੀਂ ਮਿਲਿਆ । ਫੇਰ ਵੀ ਹਾਲ ਵਿਚ ਕੀਤੇ ਅਣਵੇਖਣ ਦੇ ਅਧਾਰ ਤੇ ਵਿਸ਼ੇਸ਼ ਤੌਰ ਤੇ ਪੱਥਰਾਂ ਦੇ ਔਜਾਰ ਇਹ ਦਸਦੇ ਹਨ ਕਿ ਪ੍ਰਾਕ ਇਤਿਹਾਸਕ ਕਾਲ ਦਾ ਮਨੁੱਖ 'Siwalik Frontal Range of Western Sub-Himalaya' ਵਿਚ ਰਹਿੰਦਾ ਸੀ ।

ਨਵ ਪਾਸ਼ਾਨ ਕਾਲ (Neolithic Period) 2300-1700 ਈ. ਪੂ.

ਇਸ ਕਾਲ ਨੂੰ ਨਵ ਪਾਸ਼ਾਨ ਕਾਲ ਜਾਂ Neolithic Period ਵੀ ਕਿਹਾ ਜਾਂਦਾ ਹੈ । ਇਸ ਕਾਲ ਤੱਕ ਪੁਜਦੇ ਪੁਜਦੇ ਮਨੁੱਖ ਪਹਿਲੇ ਨਾਲੋਂ ਕਾਫੀ ਸਮਝਦਾਰ ਹੋ ਗਿਆ ਸੀ । ਹੁਣ ਉਹ ਘੁਮੱਕੜ ਨਾ ਹੋਕੇ ਇਕ ਥਾਂ ਤੇ ਸਥਿਰ ਹੋ ਕੇ ਰਹਿਣ ਲਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆ ਸੀ ਜਿਸਦਾ ਪ੍ਰਮਾਣ ਜੰਮੂ ਕਸ਼ਮੀਰ ਪ੍ਰਦੇਸ਼ ਦੇ ਬੁਰਜ਼ਹੋਮ ਅਤੇ ਗੁਫਕਰਾਲ ਨਾਮਕ ਥਾਵਾਂ ਤੇ ਹੋਈਆਂ ਖੁਦਾਈਆਂ ਤੋਂ ਮਿਲਦਾ ਹੈ ਹਾਲਾਂਕਿ ਗੁਫਕਰਾਲ ਨਾਮਕ ਥਾਂ ਤੇ ਹੋਈ ਖੁਦਾਈ ਦੇ ਅਧਾਰ ਤੇ ਇਸ ਕਾਲ ਨੂੰ ਹੋਰ ਪਿੱਛੇ ਲੈ ਜਾਇਆ ਗਿਆ ਹੈ ਕਿਉਂਕਿ ਖੁਦਾਈ ਚੋਂ ਮਿਲੇ ਉਥੋਂ ਦੇ ਪਰਮਾਣ ਇਸ ਕਾਲ ਦੀ ਤਿੱਥ ਨੂੰ ਹੋਰ ਪਿੱਛੇ ਲੈ ਜਾਉਣ ਚ ਸਹਾਇਕ ਹਨ। ਇਸ ਕਾਲ ਦਾ ਮਨੁੱਖ ਮੁਖ ਰੂਪ ਵਿਚ ਜ਼ਮੀਨ ਵਿਚ ਬਣਾਏ ਗਏ ਚੋਕੋਰ ਜਾਂ ਗੋਲ ਗਢਿਆਂ (Pit Dwellings) ਵਿਚ ਵਾਸ ਕਰਦਾ ਸੀ।

ਇਸ ਕਾਲ ਦੇ ਮਨੁੱਖ ਨੇ ਖੇਤੀ ਬਾੜੀ ਕਰਨਾ, ਪਸ਼ੂ ਪਾਲਨਾ ਅਤੇ ਮਿੱਟੀ ਦੇ ਬਣੇ ਭਾਂਡੇ ਬਨਾਉਣਾ ਸ਼ੁਰੂ ਕਰ ਦਿੱਤਾ ਸੀ। ਬਰਤਨ ਹੱਥ ਨਾਲ ਸ਼ੁਰੂ ਵਿਚ ਅਤੇ ਬਾਦ ਵਿਚ ਚਾਕ ਨਾਲ ਬਨਾਉਣ ਲਗ ਗਿਆ ਸੀ। ਇਸ ਕਾਲ ਦੀ ਮੁੱਖ ਵਿਸ਼ੇਸ਼ਤਾ ਹੈ ਕਿ ਇਸ ਕਾਲ ਵਿਚ ਮਨੁੱਖ ਅਪਣੇ ਔਜ਼ਾਰਾਂ ਨੂੰ ਪਾਲਸ਼ ਕਰਣ ਅਤੇ ਚਮਕਾਉਣ ਲਗ ਪਿਆ ਸੀ। ਉਹ ਬੜੇ ਵਧੀਆ ਤਰੀਕੇ ਨਾਲ ਚਮਕਾਉਂਦਾ ਸੀ। ਇਸ ਕਾਲ ਦਾ ਮਨੁੱਖ ਪੱਥਰ ਅਤੇ ਜਾਨਵਰਾਂ ਦੀਆਂ ਹੱਡੀਆਂ ਨੂੰ ਚੰਗੀ ਤਰ੍ਹਾਂ ਚਮਕੀਲਾ ਬਣਾ ਕੇ ਉਨ੍ਹਾਂ ਦੇ ਔਜ਼ਾਰ ਅਤੇ ਉਪਕਰਣ ਬਣਾਉਂਦਾ ਸੀ। ਇਸੇ ਕਾਰਣ ਇਸ ਨੂੰ ਨਵ ਪਾਸ਼ਾਨ ਕਾਲ ਕਿਹਾ ਜਾਂਦਾ ਹੈ। ਇਸ ਕਾਲ ਦੇ ਪ੍ਰਮੁੱਖ ਔਜ਼ਾਰਾਂ ਦੇ ਨਾਮ ਇਸ ਤਰ੍ਹਾਂ ਹਨ—Axe, Adze, Chisel, Wedge, harvester, Points, Drills Picks, hoes, Mace-heads, Knives, Poker, Querns and Pestles ਹਡੀਆਂ ਦੇ ਬਣੇ needles, harpoons points, arrow-heads, Borers and Scrapers.

ਕੁਝ ਸਮੇਂ ਪਹਿਲਾਂ ਤੱਕ ਪੁਰਾਤਤੱਵ-ਵੇਤਾਵਾਂ ਦਾ ਵਿਚਾਰ ਸੀ ਕਿ ਨਵ ਪਾਸ਼ਾਨ ਕਾਲ ਦੇ ਅਵਸ਼ੇਸ਼ ਵਰਤਮਾਨ ਪੰਜਾਬ ਚ ਨਹੀਂ ਮਿਲਦੇ ਪਰ ਪਿਛਲੇ ਕੁਝ ਸਾਲਾਂ ਤੋਂ ਹੋ ਰਹੇ ਅਣਵੇਖਣ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਨਵ ਪਾਸ਼ਾਨ ਕਾਲ ਦੇ ਅਵਸ਼ੇਸ਼ ਪੰਜਾਬ ਵਿਚ ਵੀ ਮਿਲਦੇ ਹਨ। ਆਰ ਐਸ ਬਿਸ਼ਟ ਨੂੰ ਚੰਡੀਗੜ ਦੇ ਆਸ ਪਾਸ ਨਵ ਪਾਸ਼ਾਨ ਕਾਲ ਦੇ ਔਜ਼ਾਰਾਂ ਦੇ ਟੁਕੜੇ ਮਿਲੇ ਹਨ। ਮਹਾਪਾਤੱਰ ਨੂੰ ਹੁਸ਼ਿਆਰਪੁਰ ਦੇ ਆਸ ਪਾਸ ਇਸ ਕਾਲ ਦੇ ਅਵਸ਼ੇਸ਼ ਮਿਲੇ ਹਨ।

ਹਾਲ ਵਿਚ ਦੋਮੋਲੀ ਨਾਮਕ ਥਾਂ ਤੋਂ ਜੋ ਕਿ ਫਗਵਾੜੇ ਤੋਂ ਕਰੀਬ 16 ਕਿ. ਮੀ. ਉਤੱਰ-ਪੱਛਮ ਵੱਲ ਹੈ, ਚੋਂ ਹੱਲ ਜੋਤਦੇ ਹੋਏ ਇਸ ਕਾਲ ਦੇ ਅਵਸ਼ੇਸ਼ ਮਿਲਣ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਇਤਿਹਾਸ ਤੇ ਹਰ ਪ੍ਰਕਾਸ਼ ਪੈਂਦਾ ਹੈ ਕਿਉਂਕਿ ਇਸ ਥਾਂ ਤੋਂ ਹੜੱਪਾ ਸੱਭਤਾ ਦੇ ਅਵਸ਼ੇਸ਼ ਵੀ ਮਿਲੇ ਹਨ ਜੋ ਕਿ ਪਹਿਲਾਂ ਹੋਰ ਕਿਤੋਂ ਨਵੀਂ ਦੋਨੋ ਨਾਲ ਨਾਲ ਨਹੀਂ ਮਿਲੇ। ਇਸਦਾ ਹੋਰ ਸਪਸ਼ਟੀਕਰਣ ਇਸ ਥਾਂ ਦੀ ਖੁਦਾਈ ਕਰਣ ਮਗਰੋਂ ਹੋ ਜਾਵੇਗਾ।

ਪੰਜਾਬ ਵਿਚ ਹੀ ਬੰਗਲ, ਕਧਾਲੀ, ਡੂੰਗ, ਥੀਨ ਪਿੰਡ, ਨਾਲੌਰ ਅਤੇ ਨਿਆਰੀ ਪਿੰਡ ਤੋਂ ਵੀ ਇਸ ਸੱਭਤਾ ਦੇ ਅਵਸ਼ੇਸ਼ ਮਿਲੇ ਹਨ।

ਪ੍ਰਾਕ ਹੜੱਪਾ ਸੱਭਤਾ—(2700-2300 ਈ. ਪੂ.)

ਹੜਪਾ ਸੱਭਤਾ ਜਾਂ ਸਿੰਧੂ ਸੱਭਤਾ ਤੋਂ ਕੁਝ ਸਮੇਂ ਪਹਿਲਾ ਦੀ ਸੱਭਤਾ ਨੂੰ ਪ੍ਰਾਕ ਹੜੱਪਾ ਸੱਭਤਾ ਕਿਹਾ ਜਾਂਦਾ ਹੈ। ਇਸ ਸੱਭਤਾ ਨੂੰ ਪੁਰਾਤੱਤਵਵੇਤਾਵਾਂ ਨੇ ਵੱਖ ਵੱਖ ਨਾਵਾਂ ਨਾਲ ਪੁਕਾਰਿਆ ਹੈ ਜਿਵੇਂ ਕਿ Pre Harappan, Early Harappan, Early Indus, Pre Indus ਆਦਿ। ਭਾਰਤ ਚ ਇਸ ਨੂੰ PH ਕਿਹਾ ਜਾਂਦਾ ਹੈ।

ਭਾਰਤ ਦੀ ਵੰਡ ਤੋਂ ਬਾਦ ਭਾਰਤੀ ਪੁਰਾਤੱਤਵ ਸਰਵੇਖਣ ਵਿਭਾਗ ਦੁਵਾਰਾ ਵੱਖ ਵੱਖ ਸਮੇਂ ਚ ਵੱਖ ਵੱਖ ਥਾਵਾਂ ਤੇ ਖੁਦਾਈਆਂ ਕਰਣ ਮਗਰੋਂ ਸਾਡੇ ਪ੍ਰਾਚੀਨ ਇਤਿਹਾਸ ਦੇ ਬਾਰੇ ਚ ਹੋਰ ਮਹਤੱਵਪੂਰਣ ਜਾਨਕਾਰੀਆਂ ਮਿਲਦੀਆਂ ਰਹੀਆਂ ਹਨ। ਪੁਰਾਤਤੱਵਵੇਤਾਵਾਂ ਦੀ ਅਥਾਹ ਮਿਹਨਤ ਮਗਰੋਂ ਉਹ ਸੁਤੀਆਂ ਹੋਈਆਂ ਸ਼੍ਰੰਖਲਾ ਜੋ ਕਿ ਹਨੇਰੇ ਚ ਡੁੱਬ ਚੁਕੀਆਂ ਸਨ ਉਹ ਚਾਨਣ ਚ ਆ ਗਈਆਂ ਅਤੇ ਇਨ੍ਹਾਂ ਖੁਦਾਈਆਂ ਰਾਹੀਂ ਸਾਨੂੰ ਆਦਿ ਮਾਨਵ ਦੇ ਇਤਿਹਾਸ ਤੋਂ ਲੈਕੇ ਮੱਧ ਯੁੱਗ ਤੱਕ ਦੇ ਇਤਿਹਾਸ ਦੀ ਬੜੀ ਮਹਤਵਪੂਰਣ ਜਾਨਕਾਰੀ ਮਿਲਦੀ ਰਹੀ ਹੈ।

ਲਹਿੰਦੇ ਪੰਜਾਬ (ਪਾਕਿਸਤਾਨ) ਚ ਬਹੁਤੀਆਂ ਅਜਿਹਿਆਂ ਥਾਵਾਂ ਹਨ ਜੋ ਕਿ ਪ੍ਰਾਕ ਹੜਪਾ ਸੱਭਤਾ ਨਾਲ ਸੰਬੰਧਤ ਹਨ। ਉਨ੍ਹਾਂ ਚੋਂ ਕੁੱਝ ਦੇ ਨਾਮ ਨੇ ਆਮਰੀ, ਗੁਮਲਾ, ਕੁੱਲੀ, ਨਾਲ, ਨੰਦਾਰਾ, ਕੋਟਡਿਜੀ, ਸੁਰਜੰਗਲ, ਕਿਲੇ-ਗੁੱਲ-ਮੁਹੰਮਦ, ਰਾਨਾ ਗੁੰਦਈ, ਪੀਰੀਆਨੋ-ਗੁੰਦਈ, ਦਾਬਰਕੋਟ, ਦਮ ਸਾਰਦਾਤ, ਅੰਜੀਰਾ ਆਦਿ। ਇਹ ਸਾਰੀਆਂ ਥਾਵਾਂ ਲਹਿੰਦੇ ਪੰਜਾਬ ਚ ਹਨ। ਪਾਕਿਸਤਾਨੀ ਪੁਰਾਤਤਵਵੇਤਾ ਇਸ ਸੱਭਤਾ ਨੂੰ early Harappan ਨਾਮ ਨਾਲ ਜਾਣਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਤ ਦੀ ਵੰਡ ਤੋਂ ਬਾਦ ਰਾਜਸਥਾਨ ਚ ਕਾਲੀਬੰਗਨ ਨਾਮਕ ਸਥਾਨ ਜੋ ਕਿ ਬਹੁਤ ਹੀ ਮਹਤਵਪੂਰਣ ਹੈ, ਚੋਂ ਇਸ ਸੱਭਤਾ (ਪ੍ਰਾਕ ਹੜੱਪਾ ਸੱਭਤਾ) ਦੇ ਅਵਸ਼ੇਸ਼ ਮਿਲੇ ਹਨ। ਇਸ ਦੇ ਇਲਾਵਾ ਭਾਰਤ ਵਿਚ ਹੋਰ ਕਈ ਥਾਵਾ ਤੋਂ ਵੀ ਇਸ ਸੱਭਤਾ ਦੇ ਅਵਸ਼ੇਸ਼ ਮਿਲੇ ਹਨ। ਹਰਿਆਣਾ ਚ ਸਥਿਤ ਬਣਵਾਲੀ ਨਾਮਕ ਥਾਂ ਤੋਂ ਵੀ ਖੁਦਾਈ ਦੇ ਦੋਰਾਨ ਇਸ ਸੱਭਤਾ ਦੇ ਅਵਸ਼ੇਸ਼ ਵੇਖਣ ਚ ਆਏ। ਰੋਜ਼ਾਨਾ ਇਸਤੇਮਾਲ ਹੋਣ ਵਾਲੀਆਂ ਚੀਜਾਂ ਦੇ ਇਲਾਵਾ ਮਕਾਨ, ਖੂਹ ਤ਼ੰਦੂਰ, ਦੀਵਾਰਾਂ ਅਤੇ ਨਾਲਿਆਂ ਆਦਿ ਦੇ ਅਵਸ਼ੇਸ਼ ਵੀ ਇਸ ਥਾਂ ਤੋਂ ਮਿਲੇ ਹਨ।

ਹਾਲ ਚ ਭਾਰਤੀ ਪੁਰਾਤੱਤਵ ਸਰਵੇਖਣ ਦੀ ਇਕ ਟੀਮ ਨੇ ਪੰਜਾਬ ਚ ਕਾਫੀ ਅਣਵੇਖਣ ਕੀਤਾ ਜਿਸਦੇ ਫਲਸਰੂਪ ਪੰਜਾਬ ਚ ਖਾਸ ਕਰ ਭਠਿੰਡਾ ਜਿਲੇ ਦੀ ਮਾਨਸਾ ਤਹਸੀਲ ਚ ਇਸ ਸੱਭਤਾ ਨਾਲ ਸੰਬੰਧਤ ਕਾਫੀ ਅਜਿਹੀਆਂ ਥਾਵਾਂ ਮਿਲਿਆਂ ਨੇ ਜੋ ਕਿ ਇਸ ਸੱਭਤਾ ਬਾਰੇ ਦਸਦੀਆਂ ਹਨ। ਇਨ੍ਹਾਂ ਥਾਵਾਂ ਚੋਂ ਪ੍ਰਾਕ ਹੜੱਪਾ ਸੱਭਤਾ ਨਾਲ ਸੰਬੰਧਤ ਕਾਫੀ ਥਾਵਾਂ ਮਿਲੀਆਂ ਹਨ ਜਿਨ੍ਹਾਂ ਚੋਂ ਅਣਵੇਖਣ ਦੇ ਦੋਰਾਨ ਪ੍ਰਾਕ ਹੱੜਪਾ ਅਤੇ ਹੜੱਪਾ ਸੱਭਤਾ ਦੇ ਅਵਸ਼ੇਸ਼ ਪ੍ਰਾਪਤ ਹੋਏ। ਕਰੀਬ 21 ਥਾਵਾਂ ਕੇਵਲ ਮਾਨਸਾ ਤਹਸੀਲ ਵਿਚ ਹੀ ਮਿਲਿਆਂ ਹਨ ਜੋ ਕਿ ਘੱਗਰ ਨਦੀ ਦੇ ਨਾਲਿਆਂ ਦੇ ਆਸਪਾਸ ਸਥਿਤ ਹਨ। ਇਨ੍ਹਾਂ ਥਾਵਾਂ ਦੇ ਖੇਤਰ ਕਾਫੀ ਵਡੇ ਨੇ। ਕਿਉਂਕਿ ਇਹ ਸੱਭਤਾ ਨਾਲ ਸੰਬੰਧਤ ਸਾਰੇ ਥੇਹ ਭਠਿੰਡਾ ਦੇ ਦੱਖਣੀ ਹਿੱਸੇ ਚ ਮਿਲੇ ਹਨ ਜੋ ਕਿ ਰਾਜਸਥਾਨ ਦੇ ਸ੍ਰੀ ਗੰਗਾਨਗਰ ਜਿਲੇ ਨਾਲ ਲਗਦਾ ਹੈ ਕਿ ਲੋਕਾਂ ਦਾ ਆਵਾਗਮਨ ਸ਼ਾਇਦ ਸਿਧਾ ਉੱਤਰੀ ਅਤੇ ਦੱਖਣੀ ਪੰਜਾਬ ਰਾਹੀਂ ਹੁੰਦਾ ਰਿਹਾ ਹੋਵੇਗਾ। ਪਟਿਆਲਾ ਜਿਲਾ ਕੋਲ ਵੀ ਇਸ ਸੱਭਤਾ ਨਾਲ ਸੰਬੰਧਤ ਕਈ ਥੇਹ ਮਿਲੇ ਹਨ।

ਪਾਕਿਸਤਾਨ ਚ ਵੀ ਪਿਛਲੇ ਕੁਝ ਵਰ੍ਹਿਆਂ ਤੋਂ ਅਣਵੇਖਣ ਅਤੇ ਖੁਦਾਈ ਦਾ ਕੰਮ ਪਾਕਿਸਤਾਨੀ ਵਿਦਵਾਨ ਅਤੇ ਦੂਜੇ ਵਿਦਵਾਨ ਕਰ ਰਹੇ ਹਨ ਜਿਸਦੇ ਫਲਸਰੂਪ ਵੱਖ ਵੱਖ ਕਾਲਾਂ ਦੀਆ ਸੰਬੰਧਤ ਥਾਵਾਂ ਮਿਲੀਆਂ ਹਨ ਜਿਨ੍ਹਾਂ ਦਾ ਜ਼ਿਕਰ ਪਾਕਿਸਤਾਨ ਦੇ ਪੁਰਾਤੱਤਵਵੇਤਾ ਸ੍ਰੀ ਮੁਗਲ ਰਫੀਕ ਨੇ ਆਂਪਣੇ ਇਕ ਪੇਪਰ ਚ ਕੀਤਾ ਹੈ ਜਿਸਨੂੰ ਕਿ early Harappan ਨਾਮ ਦਿੱਤਾ ਗਿਆ ਹੈ ਲਹਿੰਦੇ ਪੰਜਾਬ ਦੇ ਕੇਂਦਰੀ ਅਤੇ ਉੱਤਰ ਪੱਛਮੀ ਪਾਕਿਸਤਾਨ (ਜਿਲਾ ਬਹਾਵਲਪੁਰ ਸ਼ੇਖ਼ੂਪੁਰਾ ਅਤੇ ਮੀਯਾਂਵਾਲੀ) ਚ ਇਸ ਸੱਭਤਾ ਦੀਆਂ ਹਾਲ ਵਿਚ ਅਣਵੇਖਣ ਦੇ ਦੋਰਾਨ ਕਈ ਥਾਵਾਂ ਵੇਖਣ ਚ ਆਈਆਂ ਹਨ। ਪਾਕਿਸਤਾਨ ਦੀਆਂ ਕਈ ਅਜਿਹਿਆਂ ਥਾਵਾਂ ਦਾ ਮੇਲ ਜੋ ਕਿ early Harappan ਨੇ ਰਾਜਸਥਾਨ ਚ ਸਥਿਤ ਕਾਲੀਬੰਗਨ ਨਾਮਕ ਥਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿਆਣਾ ਚ ਮੀਤਾਥਲ, ਸੀਸਵਾਲ ਅਤੇ ਹਰਿਆਣਾ ਵਿਚ ਹੀ ਬਣਾਵਲੀ ਨਾਮਕ ਥਾਵਾਂ ਦੀਆਂ ਖੁਦਾਈਆਂ ਨਾਲ ਕੀਤਾ ਜਾ ਸਕਦਾ ਹੈ ।

ਪ੍ਰਾਕ ਹੜੱਪਾ ਸੱਭਤਾ ਦੇ ਅਵਸ਼ੇਸ਼ਾਂ ਦੀ ਪਛਾਣ ਇਸ ਸੱਭਤਾ ਨਾਲ ਸੰਬੰਧਤ ਬਰਤਨਾਂ, ਥੋੜਾ ਬਹੁਤ ਨਗਰੀਕਰਣ ਅਤੇ ਹੋਰ ਰੋਜ਼ਾਨਾ ਇਸਤੇਮਾਲ ਦੀਆਂ ਵਸਤਾਂ ਤੋਂ ਹੁੰਦੀ ਹੈ । ਇਸ ਕਾਲ ਦੇ ਲੋਕ ਕੱਚੀ ਮਿੱਟੀ ਦੀਆਂ ਇੱਟਾਂ ਦੇ ਮਕਾਨ ਬਣਾਂਦੇ ਸਨ । ਇੱਟਾਂ ਦਾ ਮਾਪ 30 : 20 : 10 ਮੀ. ਹੁੰਦਾ ਸੀ । ਮਕਾਨਾਂ ਤੇ ਮਿੱਟੀ ਦਾ ਲੇਪ ਵੀ ਕੀਤਾ ਜਾਂਦਾ ਸੀ । ਬਰਤਨਾਂ ਦੇ ਆਕਾਰ ਅਤੇ ਡਿਜ਼ਾਇਨ ਇਕ ਖਾਸ ਤਰ੍ਹਾਂ ਦੇ ਹੁੰਦੇ ਸਨ । ਕਈ ਥਾਵਾਂ ਤੋਂ ਮਕਾਨਾਂ ਚ ਜਮੀਨ ਦੇ ਅੰਦਰ ਤੰਦੂਰ ਵੀ ਬਣੇ ਹੋਏ ਵੇਖਣ ਚ ਆਏ ਨੇ ਜੋ ਕਿ ਰੋਟੀ ਬਣਾਉਣ ਦੇ ਕੰਮ ਚ ਲਿਆਏ ਜਾਂਦੇ ਹੋਣਗੇ । ਬਣਵਾਲੀ ਅਤੇ ਕਾਲੀਬੰਗਨ ਨਾਮਕ ਥਾਵਾਂ ਤੋਂ ਤੇ ਮਕਾਨਾਂ ਦੇ ਅਵਸ਼ੇਸ਼ ਵੀ ਮਿ ਲੇ ਹਨ ।

ਕਈ ਤਰ੍ਹਾਂ ਦੀਆਂ ਰੋਜਾਨਾ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਵੀ ਮਿਲੀਆਂ ਹਨ । ਪੱਥਰ ਦੇ ਬਣਾਏ ਹੋਏ ਛੋਟੇ ਛੋਟੇ ਚਾਕੂ, ਪੀਸਨ ਲਈ ਸਿਲ ਵੱਟਾ ਆਦਿ ਵੀ ਮਿਲੇ ਹਨ । ਬਚਿਆਂ ਦੇ ਖੇਡਣ ਵਾਸਤੇ ਪੱਕੀ ਮਿਟੀ ਦੇ ਖਿਲੌਨੇ, ਬੈਲਾਂ ਦੇ ਪਹਿਏ ਆਦਿ ਮਿਲਣ ਨਾਲ ਇਸ ਕਾਲ ਦੀ ਸੱਭਤਾ ਤੇ ਹੋਰ ਪ੍ਰਕਾਸ਼ ਪੈਂਦਾ ਹੈ ।

ਅਪਣੇ ਸ਼ਰੀਰ ਦੀ ਸਜਾਵਟ ਵਾਸਤੇ ਤਰ੍ਹਾਂ ਤਰ੍ਹਾਂ ਦੇ ਗਹਿਣੇ ਪਾਏ ਜਾਂਦੇ ਸੀ ਜਿਸਦਾ ਪਤਾ ਖੁਦਾਈਆਂ ਦੇ ਦੌਰਾਨ ਮਿਲੀਆਂ ਮਿੱਟੀ, ਤਾਂਬੇ ਅਤੇ ਸ਼ੰਖ, ਹਾਥੀ ਦੰਦ ਦੀਆਂ ਚੂੜੀਆਂ ਤੋਂ ਲਗਦਾ ਹੈ । ਇਨ੍ਹਾਂ ਦੇ ਇਲਾਵਾ ਅੰਗੂਠੀ, ਕੰਨਾਂ ਦੇ ਝੁਮਕੇ, ਤਰ੍ਹਾਂ ਤਰ੍ਹਾਂ ਦੇ ਮੋਤੀ ਵੀ ਖੁਦਾਈਆਂ ਚੋਂ ਮਿਲਦੇ ਹਨ ।

ਇਸ ਕਾਲ ਦੇ ਲੋਕਾਂ ਨੂੰ ਖੇਤੀ-ਬਾੜੀ ਦੀ ਜਾਣਕਾਰੀ ਵੀ ਸੀ । ਰਾਜਸਥਾਨ ਦੇ ਕਾਲੀਬੰਗਨ ਨਾਮਕ ਥਾਂ ਦੀ ਖੁਦਾਈ ਦੇ ਦੌਰਾਨ ਖੇਤ ਦੀ ਜੁਤਾਈ ਦੇ ਨਿਸ਼ਾਨ ਇਸ ਗੱਲ ਦਾ ਸਬੂਤ ਹਨ ।

ਇਸ ਕਾਲ ਦੇ ਦੌਰਾਨ ਸੱਭਤਾ ਨੇ ਵਿਕਾਸਸ਼ੀਲ ਹੋਣਾ ਸ਼ੁਰੂ ਕੀਤਾ ਸੀ ਜਿਸਦਾ ਸਬੂਤ ਹਾਲ ਵਿਚ ਪੰਜਾਬ ਵਿਚ ਹੋਏ ਅਣਵੇਖਣ ਅਤੇ ਖੁਦਾਈਆਂ ਤੋਂ ਮਿਲਦਾ ਹੈ । ਪੰਜਾਬ ਦੀਆਂ ਹੱਦਾਂ ਸਮੇਂ ਸਮੇਂ ਬਦਲਣ ਕਾਰਣ ਇਥੋਂ ਦੇ ਇਤਿਹਾਸ ਨੂੰ ਪੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਨਹੀਂ ਲਿਖਿਆ ਗਿਆ ਜਿਸ ਕਾਰਣ ਆਮ ਜਨਤਾ ਨੂੰ ਇਸਦੀ ਇਤਿਹਾਸਕ ਮਹੱਤਤਾ ਬਾਰੇ ਜਿਆਦਾ ਜਾਣਕਾਰੀ ਨਹੀਂ ਰਹੀ।

ਵਰਤਮਾਨ ਪੰਜਾਬ ਦੇ ਰੋਪੜ, ਬਾੜਾ, ਕੋਟਲਾ ਨਿਹੰਗ, ਸੰਘੋਲ, ਰੋਹੀੜਾ ਅਤੇ ਮਹੋਰਾਨਾ ਨਾਮਕ ਥਾਵਾਂ ਤੋ ਖੁਦਾਈਆਂ ਦੇ ਦੌਰਾਨ ਇਸ ਸੱਭਤਾ ਦੇ ਅਵਸ਼ੇਸ਼ ਮਿਲੇ ਹਨ ਜਿਸਦੇ ਨਤੀਜੇ ਵਜੋਂ ਪੰਜਾਬ ਦੀ ਪ੍ਰਾਚੀਨ ਸੰਸਕ੍ਰਿਤੀ ਬਾਰੇ ਹੋਰ ਜਾਣਕਾਰੀ ਮਿਲਦੀ ਹੈ।

ਜਿਵੇ ਕਿ ਉਪੱਰ ਕਿਹਾ ਜਾ ਚੁਕਿਆ ਹੈ, ਕੁਝ ਸਾਲ ਪਹਿਲਾਂ ਤੱਕ ਪੰਜਾਬ ਵਿਚ ਪ੍ਰਾਕ ਹੜੱਪਾ ਸੱਭਤਾ ਦੇ ਅਵਸ਼ੇਸ਼ਾਂ ਦੇ ਸੰਕੇਤ ਕੁਝ ਥਾਵਾਂ ਤੋ ਹੀ ਮਿਲੇ ਸਨ ਪਰ ਹਾਲ ਵਿਚ ਹੋਏ ਕੁਝ ਸਾਲਾਂ ਦੇ ਅਣਵੇਖਣ ਦੇ ਦੌਰਾਨ ਇਹ ਵੇਖਣ ਵਿਚ ਆਇਆ ਹੈ ਕਿ ਇਸ ਸੱਭਤਾ ਦੇ ਲੋਕਾਂ ਦਾ ਮਾਨਸਾ ਤਹਸੀਲ ਵਿਚ ਸ਼ਹਿਰਾਂ ਅਤੇ ਪਿੰਡਾਂ ਦਾ ਇਕ ਜਾਲ ਜਿਹਾ ਵਿਛਿਆ ਹੋਇਆ ਸੀ। ਇਸ ਸੱਭਤਾ ਨਾਲ ਸੰਬੰਧਤ ਖੁਦਾਈ ਦੇ ਦੌਰਾਨ ਮਿਲੀਆਂ ਕੁੱਝ ਥਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਰੋਹੀੜਾ :—ਜ਼ਿਲਾ ਸੰਗਰੂਰ ਵਿਚ ਸਥਿਤ ਇਹ ਪ੍ਰਾਚੀਨ ਥੇਹ ਜਿਸਤੇ ਖੁਦਾਈ ਕੀਤੀ ਗਈ ਹੈ ਅਹਮਦਗੜ੍ਹ ਤੋਂ ਕਰੀਬ 6 ਕਿ. ਮੀ. ਅਤੇ ਮਲੇਰਕੋਟਲਾ ਤੋ 13 ਕਿ. ਮੀ ਦੂਰ ਹੈ। ਇਸ ਥੇਹ ਦੀ ਖੁਦਾਈ ਦਾ ਕੰਮ ਪੰਜਾਬ ਰਾਜ ਦੇ ਪੁਰਾਤੱਤਵ ਵਿਭਾਗ ਦਵਾਰਾ ਪਿਛਲੇ ਕੁਝ ਸਾਲਾਂ ਤੋਂ ਕੀਤਾ ਜਾ ਰਿਹਾ ਹੈ।

ਇਸ ਥੇਹ ਦਾ ਖੇਤਰ ਕਰੀਬ 30 ਏਕੜ ਅਤੇ ਉਚਾਈ 10 ਮੀ. ਦੇ ਕਰੀਬ ਹੈ ਖੁਦਾਈ ਤੋ ਮਿਲੇ ਅਵਸ਼ੇਸ਼ਾਂ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਇਸ ਥਾਂ ਤੋ ਮਿਲੇ ਪੁਰਾਅਵਸ਼ੇਸ਼ ਪ੍ਰਾਕ ਹੜੱਪਾ ਅਤੇ ਹੜੱਪਾ ਕਾਲ ਦੇ ਅਵਸ਼ੇਸ਼ਾਂ ਨਾਲ ਸੰਬੰਧਤ ਹਨ। ਇਥੇ ਸ਼ੁਰੂ ਸ਼ੁਰੂ ਵਿਚ ਲੋਕਾਂ ਨੇ ਝੋਪੜੀਆਂ ਵਿਚ ਰਹਿਣਾ ਸ਼ੁਰੂ ਕੀਤਾ ਤੇ ਬਾਦ ਵਿਚ ਉਹ ਲੋਕ ਮਿੱਟੀ ਦੀਆਂ ਬਣੀਆਂ ਇੱਟਾਂ ਦੇ ਮਕਾਨ ਬਨਾਉਣ ਲਗ ਪਏ। ਮਕਾਨਾਂ ਦੇ ਬੜੇ ਖੁਲ੍ਹੇ ਤੇ ਵਿਸ਼ਾਲ ਹੋਣ ਦੇ ਪ੍ਰਮਾਣ ਵੀ ਮਿਲੇ ਹਨ।

ਇਸ ਤੋਂ ਬਾਦ ਲਗਭਗ 2000 ਈ. ਪੂ. ਵਿਚ ਦੂਜੇ ਲੋਕ ਆ ਗਏ। ਇਸ ਕਾਲ ਤੋਂ ਮੋਤੀ ਬਨਾਉਣ ਵਾਲਿਆਂ ਦੇ ਮਕਾਨ ਮਿਲੇ ਜਿਨ੍ਹਾਂ ਅੰਦਰੋਂ ਭਾਰੀ ਮਾਤਰਾ ਵਿਚ ਮੋਤੀ ਮਿਲੇ ਹਨ। ਇਥੋਂ ਹੀ ਦੋ ਤਾਂਬੇ ਦੀਆਂ ਛੈਣੀਆਂ ਵੀ ਮਿਲਿਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਸੋਨੇ ਦੇ ਮੋਤੀ ਮਿਲਨ ਨਾਲ ਇਹ ਅਨੁਮਾਨਤ ਹੁੰਦਾ ਹੈ ਕਿ ਉਥੋਂ ਦੇ ਵਸਨੀਕ ਅਮੀਰ ਲੋਕ ਸਨ। ਇਸ ਦੇ ਇਲਾਵਾ ਮਿੱਟੀ ਦੇ ਕਈ ਤਰ੍ਹਾਂ ਦੇ ਬਰਤਨ, ਮਿੱਟੀ ਦੇ ਖਿਲੌਨੇ ਅਤੇ ਚਾਕੀਆ ਵੀ ਮਿਲੀਆਂ ਹਨ। ਇਨ੍ਹਾਂ ਅਵਸ਼ੇਸ਼ਾਂ ਦੇ ਇਲਾਵਾ ਇਕ ਬਹੁਤ ਹੀ ਮਹਤੱਵਪੂਰਣ ਚੀਜ ਮਿਲੀ ਹੈ ਅਤੇ ਉਹ ਹੈ ਮਿੱਟੀ ਦੀ ਪਕਾਈ ਹੋਈ ਮੁਦਰਾ ਜਿਸਤੇ ਇਕ ਪੌਰਾਣਿਕ ਦ੍ਰਿਸ਼ ਚਿਤਰਿਤ ਹੈ।

ਇਹ ਥਾਂ ਸ਼ਾਇਦ 1700 ਈ. ਪੂ. ਦੇ ਆਸਪਾਸ ਉਜੜ ਗਈ ਅਤੇ ਦੂਜੇ ਲੋਕਾਂ ਦਾ ਆਗਮਨ ਹੋਇਆ। Corn bins ਦਾ ਪ੍ਰਯੋਗ ਇਸ ਖੇਤਰ ਦੀ ਇਕ ਵਿਸ਼ੇਸ਼ਤਾ ਜਾਪਦੀ ਹੈ।

ਇਸ ਤੋਂ ਬਾਦ ਸਲੇਟੀ ਪਾਤਰ ਸੱਭਤਾ ਅਤੇ ਕਾਲੇ ਪਾਤਰ ਸੱਭਤਾ ਦੇ ਲੋਕਾਂ ਦਾ ਆਉਣਾ ਹੋਇਆ ਅਤੇ ਬਾਦ ਵਿਚ ਸ਼ੁੰਗ-ਕੁਸ਼ਾਨ ਅਤੇ ਇੰਡੋ-ਪਾਰਥੀਅਨ ਲੋਕਾਂ ਦਾ ਆਗਮਨ ਵੀ ਹੋਇਆ।

ਸਿੱਖ ਇਤਿਹਾਸਕਾਰ ਇਸ ਥਾਂ ਨੂੰ 1762 ਸ਼ਤਾਬਦੀ ਵਿਚ ਘਲੂਘਾਰਾ ਪ੍ਰਸੰਗ ਨਾਲ ਸੰਬੰਧਤ ਕਹਿੰਦੇ ਹਨ। ਇਸ ਤਰ੍ਹਾਂ ਰੋਹੀੜਾ ਪੰਜਾਬ ਦੀ ਇਕ ਮਹਤੱਵਪੂਰਣ ਥਾਂ ਹੈ।

ਹੁਣੇ ਕੁਝ ਦਿਨ ਪਹਿਲਾਂ Birbal Sahni Institute of Palaeobotany ਦਵਾਰਾ ਵਿਸ਼ਲੇਸ਼ਣਾਤਮਕ ਅਧਿਅਨ ਕਰਨ ਮਗਰੋਂ ਇਹ ਸਾਬਿਤ ਹੋਇਆ ਕਿ ਹਾਲ ਵਿਚ ਹੋਈ ਖੁਦਾਈ ਚੋਂ ਅੰਗੂਰ ਦੇ ਬੀਜਾਂ ਅਤੇ ਅੰਗੂਰ ਦੀ ਵੇਲ ਦੇ ਜਲੇ ਹੋਏ ਅਵਸ਼ੇਸ਼ ਮਿਲੇ ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਾਕ ਹੜੱਪਾ ਅਤੇ ਹੱੜਪਾ ਕਾਲ ਦੇ ਲੋਕਾਂ ਨੂੰ ਅੰਗੂਰਾਂ ਦੀ ਵੀ ਜਾਣਕਾਰੀ ਸੀ ਅਤੇ ਉਨ੍ਹਾਂ ਲੋਕਾਂ ਦਾ ਅੰਗੂਰਾਂ ਦੀ ਖੇਤੀ ਬਾੜੀ ਅਤੇ ਬਾਗ ਬਗੀਚੇ ਇਕ ਮੁਖ ਆਰਥਕ ਸਰੋਤ ਰਿਹਾ ਹੋਵੇਗਾ। ਇਹ ਅਵਸ਼ੇਸ਼ ਪੰਜਾਬ ਵਿਚ ਰੋਹੀੜਾ ਅਤੇ ਮਹੋਰਾਨਾ ਦੀਆਂ ਖੁਦਾਈਆਂ ਚੋਂ ਪ੍ਰਾਪਤ ਹੋਏ।

ਮਹੋਰਾਨਾ :—ਜ਼ਿਲਾ ਸੰਗਰੂਰ ਵਿਚ ਸਥਿਤ ਹੈ ਅਤੇ ਇਸ ਪ੍ਰਾਚੀਨ ਥਾਂ ਦੀ ਖੁਦਾਈ ਦਾ ਕੰਮ ਪੰਜਾਬ ਯੂਨੀਵਰਸਿਟੀ ਦੇ ਕਲਚਰ ਤੇ ਪੁਰਾਤੱਤਵ ਵਿਭਾਗ ਦਵਾਰਾ 1982 ਵਿਚ ਸ਼ੁਰੂ ਕੀਤਾ ਗਿਆ। ਇਸ ਥਾਂ ਦੀ ਖੁਦਾਈ ਚੋਂ ਪੰਜ ਵੱਖ ਵੱਖ ਕਾਲਾਂ ਦੇ ਪੂਰਾ ਅਵਸ਼ੇਸ਼ ਮਿਲੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਦੀ ਦੀ ਮਿੱਟੀ ਦੀ ਰੇਤੀਲੀ ਤਹਿ ਉੱਤੇ ਸੱਭ ਤੋਂ ਪਹਿਲਾਂ ਪ੍ਰਾਕ-ਹੱੜਪਾ ਕਾਲੀਨ ਅਵਸ਼ੇਸ਼ ਵੇਖਣ ਵਿਚ ਆਏ। ਖੁਦਾਈ ਵਿਚੋਂ ਕੱਚੀ ਮਿੱਟੀ ਅਤੇ ਕੱਚੀ ਮਿੱਟੀ ਦੀਆਂ ਇੱਟਾਂ ਦੇ ਮਕਾਨ ਮਿਲੇ ਹਨ ਅਤੇ ਨਾਲ ਹੀ ਮਕਾਨਾਂ ਅੰਦਰੋ ਕਈ ਤੰਦੂਰ ਵੀ ਮਿਲੇ ਹਨ। ਇਹ ਤੰਦੂਰ ਜਮੀਨ ਦੇ ਅੰਦਰ ਬਣੇ ਹੋਏ ਅਤੇ ਜਮੀਨ ਦੇ ਉਪੱਰ ਵੀ ਬਣੇ ਹੋਏ ਦੋਨੋ ਤਰ੍ਹਾਂ ਦੇ ਮਿਲੇ ਹਨ। ਜਿਨ੍ਹਾਂ ਦੀ ਤੁਲਨਾ ਰਾਜਸਥਾਨ ਦੇ ਕਾਲੀਬੰਗਨ ਤੋ ਮਿਲੇ ਤੰਦੂਰਾਂ ਨਾਲ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਤੰਦੂਰ ਅੱਜ ਵੀ ਪੰਜਾਬ ਵਿਚ ਵੇਖੇ ਜਾ ਸਕਦੇ ਹਨ। ਇਕ ਅੰਡਾਕਾਰ ਸ਼ਕਲ ਦੇ ਤੰਦੂਰ ਵਿਚੋਂ ਇਕ ਲਕੜੀ ਦਾ ਮਿਲਨਾ ਇਕ ਮਹਤੱਵਪੂਰਨ ਖੋਜ ਹੈ। ਪ੍ਰਾਕ-ਹੱੜਪਾ ਕਾਲ ਦੇ ਬਰਤਨ ਉਸੇ ਤਰ੍ਹਾਂ ਨੇ ਜਿਵੇ ਕਿ ਰਾਜਸਥਾਨ ਦੀ ਕਾਲੀਬੰਗਨ ਨਾਮਕ ਥਾਂ ਤੋ ਮਿਲਦੇ ਹਨ। ਇਸ ਕਾਲ ਦੇ ਅਵਸ਼ੇਸ਼ਾਂ ਚੋਂ ਬਰਤਨਾਂ ਦੇ ਇਲਾਵਾ ਮੋਤੀ, ਚੂੜੀਆਂ (ਕਈ ਤਰ੍ਹਾਂ ਦੀਆਂ) ਅਤੇ ਮਿੱਟੀ ਦੇ ਬਣੇ ਗਹਿਨੇ ਪਰਮੁੱਖ ਹਨ। ਹੱਡੀ ਅਤੇ ਤਾਂਬੇ ਦੇ ਬਣੇ ਤੇਜ਼ ਔਜ਼ਾਰ ਵੀ ਮਿਲੇ ਹਨ।

ਦੂਜੇ ਕਾਲ ਵਿਚੋਂ ਜਿਸਦਾ ਸਮਾਂ (2100-2000 ਈ. ਪੂ.) ਹੈ, ਖੁਦਾਈ ਵਿਚੋ ਹੱੜਪਾ ਉਤੱਰ ਸੱਭਤਾ ਜਾਂ ਬਾੜਾ ਸੱਭਤਾ ਦੇ ਅਵਸੇਸ਼ ਮਿਲੇ ਹਨ। ਬਾੜਾ ਸੱਭਤਾ ਨਾਮ ਇਸ ਕਰਕੇ ਦਿੱਤਾ ਗਿਆ ਹੈ ਕਿਉਕਿ ਖੁਦਾਈ ਚੋ ਇਸ ਸੱਭਤਾ ਦੇ ਅਵਸ਼ੇਸ਼ ਪਹਿਲਾਂ ਬਾੜਾ ਜਿਲਾ ਰੋਪੜ ਤੋ ਮਿਲੇ ਇਸ ਕਾਲ ਵਿਚੋਂ ਵੀ ਮਕਾਨ ਮਿੱਟੀ ਜਾਂ ਮਿੱਟੀ ਦੀਆਂ ਇੱਟਾਂ ਦੇ ਮਿਲਦੇ ਹਨ ਪਰ ਬਰਤਨ ਹੋਰ ਜ਼ਿਆਦਾ ਸਘੜ ਅਤੇ ਸੁਚੱਜੇ ਮਿਲਣੇ ਸ਼ੁਰੂ ਹੋ ਜਾਂਦੇ ਹਨ। ਇਸ ਕਾਲ ਦੇ ਆਖਿਰੀ ਚਰਣ ਚੋ ਰਿਹਾਇਸ਼ੀ ਖੇਤਰ ਦੇ ਪੱਛਮੀ ਪਾਸੇ ਦੋ ਮੀਟਰ ਮੋਟੀ ਇੱਕ ਕੰਧ ਮਿਲੀ ਹੈ ਜੋ ਕਿ ਸ਼ਾਇਦ ਹੜ੍ਹਾਂ ਤੋਂ ਬਚਾਓ ਲਈ ਬਣਾਈ ਗਈ ਹੋਵੇਗੀ।

ਇਸ ਸੱਭਤਾ ਤੋਂ ਬਾਦ ਇਹ ਥਾਂ ਕਈ ਸੌ ਸਾਲਾ ਤੱਕ ਉਜੜੀ ਰਹੀ। ਇਸ ਤੋਂ ਬਾਦ ਸਲੇਟੀ ਚਿਤਰਿਤ ਪਾਤਰ ਸੱਭਤਾ ਦੇ ਲੋਕਾਂ ਦਾ ਆਗਮਨ ਹੋਇਆ। ਇਸ ਕਾਲ ਦੇ ਅਵਸ਼ੇਸ਼ਾ ਚੋਂ ਬਰਤਨਾਂ ਦੇ ਇਲਾਵਾ ਸ਼ੀਸ਼ਾ, ਮਿੱਟੀ ਦੇ ਬਣੇ ਕਈ ਤਰ੍ਹਾਂ ਦੇ ਖਿਲੌਣੇ ਅਤੇ ਤਾਂਬੇ ਦੇ ਬਣੇ ਅਵਸ਼ੇਸ਼ ਮਿਲੇ। ਪਕਾਈ ਹੋਈ ਮਿੱਟੀ ਦੇ ਬੈਲ ਬਹੁਤ ਮਾਤਰਾ ਵਿਚ ਮਿਲਦੇ ਹਨ।

ਪਹਿਲੀ ਸ਼ਤਾਬਦੀ ਦੇ ਆਸਪਾਸ ਇਸ ਥਾਂ ਤੇ ਕੁਸ਼ਾਨਾਂ ਦਾ ਆਉਣਾ ਹੋਇਆ। ਇਕ ਖਾਸ ਤਰ੍ਹਾਂ ਦੇ ਕੁਸ਼ਾਨ ਬਰਤਨ ਜਿਨ੍ਹਾਂ ਤੇ ਵੱਖ ਵੱਖ ਤਰ੍ਹਾਂ ਦੇ ਠੱਪੇ ਲਗਾਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਏ ਮਿਲਦੇ ਹਨ, ਮਿਲੇ ਨੇ। ਠੱਪੇ ਲਗਾਉਣ ਵਾਲੀਆਂ ਮੋਹਰਾਂ ਵੀ ਕਈ ਤਰ੍ਹਾਂ ਦੀਆਂ ਮਿਲੀਆਂ ਹਨ।

ਇਸ ਤੋਂ ਬਾਦ ਆਖਿਰੀ ਕਾਲ ਵਿਚ ਮੱਧ ਕਾਲੀਨ ਸੱਭਤਾ (1100--1300 ਸ਼ਤਾਬਦੀ) ਦੇ ਅਵਸ਼ੇਸ਼ਾ ਦੀ ਪ੍ਰਾਪਤੀ ਹੋਈ। ਅਵਸ਼ੇਸ਼ਾਂ ਚੋਂ ਹਾਥੀ ਦੰਦ ਦੀ ਬਣੀ dice, ਹੱਡੀ ਦੀ style, ਲੋਹੇ ਦਾ ਹੈਂਡਲ ਅਤੇ ਪਕਾਈ ਹੋਈ ਮਿੱਟੀ ਦੇ ਬੈਲ ਮੁੱਖ ਅਵਸ਼ੇਸ਼ ਹਨ। ਇਕ ਸੂਰਜ ਦੀ ਪੱਥਰ ਦੀ ਮੂਰਤੀ ਬਹੁਤ ਹੀ ਮਹਤੱਵਪੂਰਣ ਖੋਜ ਹੈ।

ਹੜੱਪਾ ਸੱਭਤਾ (2350-1750 ਈ. ਪੂ.)

ਹੜੱਪਾ ਸੱਭਤਾ ਜਾ ਸਿਧੂ ਘਾਟੀ ਦੀ ਸੱਭਤਾ ਭੂਗੋਲਿਕ ਦ੍ਰਿਸ਼ਟੀ ਅਨੁਸਾਰ, ਪ੍ਰਾਚੀਨ ਦੁਨੀਆਂ ਦੀ ਚਾਰ ਪ੍ਰਮੁੱਖ ਸੱਭਤਾਵਾਂ ਚੋਂ ਹੈ ਜੋ ਕਿ ਭਾਰਤ-ਪਾਕ ਉਪਮਹਾਦੀਪ ਤੇ ਸੱਭ ਤੋਂ ਪ੍ਰਾਚੀਨ ਪ੍ਰਤੱਖ ਸ਼ਹਿਰੀਕਰਣ ਦਾ ਸੁੰਦਰ ਨਮੂਨਾ ਹੈ ਜਿਸਦਾ ਵਿਸਤਾਰ ਲਗਭਗ 1.3 million sq. km. ਹੈ। ਪੁਰਾਤੱਤਵ ਦੀ ਦ੍ਰਿਸ਼ਟੀ ਨਾਲ ਇਹ ਸੱਭਤਾ ਬਹੁਤ ਹੀ ਮਹਤਵਪੂਰਣ ਸਥਾਨ ਰਖਦੀ ਹੈ ਜਾ ਦੂਜੇ ਸ਼ਬਦਾਂ ਵਿਚ ਇਵੇ ਵੀ ਕਿਹਾ ਦਾ ਸਕਦਾ ਹੈ ਕਿ ਭਾਰਤ ਵਿਚ ਇਹ ਸੱਭਤਾ ਮਨੁੱਖ ਦੀ ਪੂਰੀ ਤਰ੍ਹਾਂ ਵਿਕਸਿਤ ਸੱਭਤਾ ਦੀ ਸ਼ੁਰੂਆਤ ਸੀ। ਅਣਵੇਖਣ ਅਤੇ ਖੁਦਾਈਆਂ ਦੇ ਦੌਰਾਨ ਇਸ ਸੱਭਤਾ ਨਾਲ ਸੰਬੰਧਤ ਸੈਕੜੇ ਥਾਵਾਂ ਆਮ ਤੌਰ ਤੇ ਸਾਰੇ ਭਾਰਤ ਵਿਚ ਅਤੇ ਮੁਖ ਰੂਪ ਵਿਚ ਉੱਤਰੀ ਪਾਸੇ ਵਲ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਦਾ ਵੇਰਵਾ ਅੱਗੇ ਜਾ ਕੇ ਦਿੱਤਾ ਜਾਵੇਗਾ।

ਇਸ ਸੱਭਤਾ ਨੂੰ ਹੜੱਪਾ ਸੱਭਤਾ ਇਸ ਕਾਰਣ ਕਿਹਾ ਜਾਂਦਾ ਹੈ ਕਿਉਕਿ ਲਹਿੰਦੇ ਪੰਜਾਬ (ਹੁਣ ਪਾਕਿਸਤਾਨ) ਵਿਚ ਹੜੱਪਾ ਨਾਮਕ ਥਾਂ ਜੋ ਕਿ ਰਾਵੀ ਨਦੀ ਦੇ ਕੰਢੇ ਤੇ ਸਥਿਤ ਹੈ, ਤੋਂ ਖੁਦਾਈ ਦੇ ਦੌਰਾਨ ਪਹਿਲੀ ਵਾਰੀ, ਇਸ ਸੱਭਤਾ ਦੇ ਅਵਸ਼ੇਸ ਮਿਲੇ ਜਿਸ ਕਰਕੇ ਇਸ ਨੂੰ ਹੜੱਪਾ ਸੱਭਤਾ ਕਿਹਾ ਜਾਂਦਾ ਹੈ।

ਭਾਰਤ ਦੀ ਵੰਡ ਮਗਰੋ ਇਸ ਸੱਭਤਾ ਦੀਆਂ ਅਨੇਕ ਥਾਵਾਂ ਅਣਵੇਖਣ ਅਤੇ ਖੁਦਾਈਆਂ ਦੇ ਨਤੀਜੇ ਵਜੋਂ ਮਿਲੀਆਂ। ਕੇਵਲ ਪੰਜਾਬ ਵਿਚ ਹੀ ਪ੍ਰਾਕ ਹੜੱਪਾ ਸੱਭਤਾ ਦੇ ਨਾਲ ਨਾਲ ਹੜੱਪਾ ਸੱਭਤਾ ਦੇ ਅਵਸ਼ੇਸ਼ ਵੀ ਪ੍ਰਾਪਤ ਹੋਏ। ਅਣਵੇਖਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਦੌਰਾਨ ਇਹ ਵੇਖਣ ਵਿਚ ਆਇਆ ਹੈ ਕਿ ਇਸ ਸੱਭਤਾ ਦੇ ਲੋਕ ਜਿਆਦਾਤਰ ਵਡੀਆਂ ਨਦੀਆਂ ਦੇ ਕੰਡੇ ਤੇ ਰਹਿੰਦੇ ਸਨ ।

ਹੜੱਪਾ ਸੱਭਤਾ, ਜਿਸਨੂੰ ਕਿ ਪਿਛਲੇ ਕਈ ਵਰ੍ਹਿਆਂ ਤੋ ਵੱਖ ਵੱਖ ਦੇਸ਼ਾਂ ਦੇ ਅਨੇਕਾਂ ਵਿਦਵਾਨ ਅਪਣੀ ਖੋਜ ਦਾ ਮੁੱਖ ਵਿਸ਼ਾ ਬਣਾ ਕੇ ਇਸ ਦੇ ਵੱਖ ਵੱਖ ਪਹਲੂਆਂ ਤੇ ਖੋਜ (Research) ਕਰ ਰਹੇ ਨੇ, ਇਕ ਆਮ ਆਦਮੀ ਅਤੇ ਵਿਦਵਾਨਾਂ ਵਾਸਤੇ ਵਿਸ਼ੇਸ਼ ਖਿੱਚ ਦਾ ਖੇਤਰ ਰਿਹਾ ਹੈ । Indus System ਜੋ ਕਿ ਮੂਲ ਰੂਪ ਤੋ ਸਿੰਧੂ ਅਤੇ ਹਾਕੜਾ ਵਹਿੰਡ ਦਰਿਆਵਾਂ ਅਤੇ ਉਨ੍ਹਾਂ ਦੇ ਛੋਟੇ ਨਾਲਿਆਂ ਦੇ ਕਢਿਆਂ ਤੋਂ, ਵਗਦਾ ਹੋਇਆ ਸਿੰਧ, ਰਾਜਸਥਾਨ, ਪੰਜਾਬ ਅਤੇ ਹਰਿਆਣਾ ਚ ਆ ਜਾਂਦਾ ਹੈ ਜਿਥੇ ਕਿ ਇਸ ਸੱਭਤਾ ਨਾਲ ਸੰਬੰਧਤ ਕਈ ਥਾਵਾਂ ਮਿਲੀਆਂ ਹਨ ।

ਵਰਤਮਾਨ ਸਮੇਂ ਵਿਚ ਭਾਰਤ ਚ ਹੜੱਪਾ ਸੱਭਤਾ ਦਾ ਵਿਸਥਾਰ ਉੱਤਰ-ਪੱਛਮ ਵਲ ਮਾਂਡਾ ਤੋ ਲੈ ਕੇ ਦਇਮਾਬਾਦ, ਮਰਗਾਮ ਅਤੇ ਭਗਤਰਾਵ ਤੇ ਹੁਲਾਸ ਤੱਕ ਫੈਲਿਆ ਹੋਇਆ ਹੈ ।

ਹੱੜਪਾ ਸੱਭਤਾ ਦੇ ਕੁਝ ਵਿਸ਼ੇਸ਼ ਤਸ਼ਖੀਸੀ (diagnostic) ਲਛੱਣ ਹਨ ਜਿਨ੍ਹਾਂ ਤੋਂ ਇਸ ਸੱਭਤਾ ਦੇ ਬਾਰੇ ਵਿਚ ਜਾਣਕਾਰੀ ਹੁੰਦੀ ਹੈ ਜਾਂ ਦੂਜੇ ਸ਼ਬਦਾ ਵਿਚ ਇਵੇ ਕਿਹਾ ਜਾ ਸਕਦਾ ਹੈ ਕਿ ਜਿਸ ਥੇਹ ਜਾਂ ਥਾ ਤੋਂ ਹੇਠ ਲਿਖੇ ਅਵਸ਼ੇਸ਼ ਮਿਲਣ ਉਹ ਥਾਂ ਜ਼ਰੂਰ ਇਸ ਸੱਭਤਾ ਨਾਲ ਸੰਬੰਧਤ ਹੋਵੇਗੀ । ਕੁਝ ਮੁੱਖ ਚੋਣਵੇ ਲਛੱਣ ਇਸ ਤਰ੍ਹਾਂ ਹਨ—

ਗੜ੍ਹੀ (fortification) ਜਾਂ ਕੋਟ ਅਤੇ ਸਿਲਸਿਲੇਵਾਰ ਸ਼ਹਿਰੀਕਰਣ (Systematic town planning) ਦਾ ਹੋਣਾ । ਇਸ ਕਾਲ ਦੇ ਲੋਕਾਂ ਦੀ ਇਹ ਇਕ ਖਾਸ ਪਹਚਾਨ ਸੀ ਕਿ ਉਹ ਉੱਚਾ ਚਬੂਤਰਾ ਬਣਾ ਕੇ ਉਨ੍ਹਾਂ ਦੇ ਉੱਤੇ ਸਿਲਸਿਲੇਵਾਰ ਸ਼ਹਿਰੀਕਰਣ ਵਸਾਉਂਦੇ ਸਨ ਅਰਥਾਤ ਮਕਾਨ ਤਰਤੀਬਵਾਰ ਬਣੇ ਹੁੰਦੇ ਸਨ ਮਕਾਨਾਂ ਦਾ ਨਮੂਨਾ ਸ਼ਤਰੰਜ ਦੀ ਬਿਸਾਤ (Chess Board pattern) ਵਾਂਗ ਹੁੰਦਾ । ਪੱਕੀ ਇੱਟਾਂ ਦਾ ਇਸਤੇਮਾਲ ਹੁੰਦਾ ਸੀ ਜਿਨ੍ਹਾਂ ਦਾ ਅਨੁਪਾਤ 1 : 2 : 4 ਸੀ ।

ਮਕਾਨਾਂ ਦੇ ਇਲਾਵਾ ਗਲੀਆਂ ਤੇ ਛੋਟੇ ਲਾਂਘੇ bilanes ਵੀ ਬਣਾਏ ਜਾਂਦੇ ਸੀ ਜੋ ਕਿ ਬੜੇ ਤਰਤੀਬਵਾਰ ਹੁੰਦੇ ਸਨ । ਮਕਾਨਾਂ ਦੇ ਅੰਦਰ ਖੂਹ, ਗੁਸਲਖਾਨੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲੀਆਂ, ਚੁਲ੍ਹੇ ਤੰਦੂਰ ਅਤੇ ਆਦਿ ਵੀ ਬਣਾਏ ਜਾਂਦੇ ਸਨ। ਸਮਾਨ ਰਖਣ ਵਾਸਤੇ ਕੋਠੜੀ ਵੀ ਹੁੰਦੀ ਸੀ। ਖੁਦਾਈਆਂ ਤੋਂ ਇਹ ਵੀ ਵੇਖਣ ਵਿਚ ਆਇਆ ਹੈ ਕਿ ਥੇਹ ਦੀ ਉਚਾਈ ਤੇ ਉਪਰਲੇ ਹਿੱਸੇ (upper mound) ਵਿਚ ਅਮੀਰ ਲੋਕਾਂ ਦਾ ਵਾਸ ਸੀ ਅਤੇ ਥੇਹ ਦੇ ਹੇਠਲੇ ਹਿੱਸੇ (lower mound) ਵਿਚ ਆਮ ਜਨਤਾ ਰਹਿੰਦੀ ਸੀ। ਜਿਸ ਥਾਂ ਤੇ ਇਸ ਸੱਭਤਾ ਦੀ ਵਸੋਂ ਹੁੰਦੀ ਸੀ ਉਸਦੇ ਆਲੇ ਦੁਆਲੇ ਮਿੱਟੀ ਦੀ ਬੜੀ ਠੋਸ ਫਸੀਲਬੰਦੀ (Rampart) ਹੁੰਦੀ ਸੀ ਜੋ ਸ਼ਾਇਦ ਦੁਸ਼ਮਣਾਂ ਕੋਲੋਂ ਜਾਂ ਜਾਨਵਰਾ ਦੇ ਬਚਾਉ ਜਾ ਹੜ੍ਹਾਂ ਦੇ ਬਚਾਉ ਲਈ ਹੁੰਦੀ ਹੋਵੇਗੀ।

ਕਿਸੇ ਵੀ ਸੱਭਤਾ ਦੀ ਜਾਨ ਜਾਂ ਪਹਿਚਾਨ ਲਈ ਬਰਤਨ ਇੱਕ ਬਹੁਤ ਮਹਤੱਵਪੂਰਣ ਸਥਾਨ ਰਖਦੇ ਹਨ। ਪੁਰਾਤੱਤਵਵੇਤਾ ਲਈ ਕਿਸੇ ਵੀ ਸੱਭਤਾ ਨੂੰ ਪਛਾਨਣ ਵਾਸਤੇ ਮਿੱਟੀ ਦੇ ਬਰਤਨ ਬਹੁਤ ਹੀ ਸਹਾਇਕ ਹੁੰਦੇ ਹਨ। ਹਰ ਸੱਭਤਾ ਜਾਂ ਹਰ ਕਾਲ ਦੇ ਇਕ ਖਾਸ ਤਰ੍ਹਾ ਦੇ ਬਰਤਨ ਹੁੰਦੇ ਹਨ ਜੋ ਕਿ ਵੱਖ ਵੱਖ ਕਾਲਾਂ ਦੀ ਜਾਣਕਾਰੀ ਦੇਣ ਵਿਚ ਮਦਦ ਕਰਦੇ ਹਨ।

ਜਿਵੇਂ ਕਿ ਉੱਪਰ ਲਿਖਿਆ ਗਿਆ ਹੈ ਮਿੱਟੀ ਦੇ ਬਰਤਨਾਂ ਦਾ ਪ੍ਰਾਚੀਨ ਸੱਭਤਾ ਦੀ ਜਾਣਕਾਰੀ ਦੇਣ ਵਿਚ ਬੜਾ ਮਹਤੱਵਪੂਰਣ ਸਥਾਨ ਹੈ। ਹੜੱਪਾ ਸੱਭਤਾ ਦੇ ਬਹੁਤ ਹੀ ਵਿਸ਼ੇਸ਼ ਤਰ੍ਹਾਂ ਦੇ ਬਰਤਨ ਹਨ ਜੋ ਕਿ ਇਸਦੀ ਪਛਾਣ ਕਰਾਉਣ ਵਿਚ ਇਕ ਦੱਮ ਸਹਾਇਕ ਹਨ। ਜ਼ਿਆਦਾਤਰ ਮਿੱਟੀ ਦੇ ਕਈ ਤਰ੍ਹਾ ਦੇ ਬਰਤਨਾਂ ਦੀ ਵਰਤੋਂ ਹੁੰਦੀ ਸੀ। ਬਰਤਨਾਂ ਨੂੰ ਚਾਕ ਤੇ ਬਣਾਇਆ ਅਤੇ ਫੇਰ ਚੰਗੀ ਤਰ੍ਹਾਂ ਪਕਾਇਆ ਜਾਂਦਾ ਸੀ। ਇਹ ਬਰਤਨ ਇੰਨੀ ਚੰਗੀ ਤਰ੍ਹਾਂ ਪਕਾਏ ਤੇ ਤਿਆਰ ਕੀਤੇ ਜਾਂਦੇ ਸੀ ਕਿ ਇਨ੍ਹਾਂ ਦੀ ਖਣਕਾਰ ਇਸ ਤਰ੍ਹਾਂ ਹੁੰਦੀ ਸੀ ਜਿਵੇਂ ਕਿ ਕਿਸੇ ਧੱਾਤ ਦੇ ਬਣੇ ਹੋਣ। ਬਰਤਨ ਬਣਾ ਕੇ ਉਨ੍ਹਾਂ ਤੇ ਕਈ ਤਰ੍ਹਾਂ ਦੇ ਕਾਲੇ ਰੰਗ ਨਾਲ ਚਿੱਤਰਕਾਰੀ ਕੀਤੀ ਜਾਂਦੀ ਸੀ। ਇਸ ਚਿੱਤਰਕਾਰੀ ਵਿਚ ਪਿਪੱਲ ਦੇ ਪੱਤੇ, ਕੇਲੇ ਦੇ ਪੱਤੇ, ਮੱਛੀ ਦੇ ਮਾਸ (fish-scale) ਵਰਗਾ, ਸ਼ਤਰੰਜ ਦੀ ਬਿਸਾਤ ਵਗੈਰਹ ਭਾਂਤ ਭਾਂਤ ਦੇ ਨਮੂਨੇ ਮਿਲਦੇ ਹਨ। ਇਹ ਬਰਤਨ ਮੁੱਖ ਰੂਪ ਚ ਵਡੇ ਵਡੇ ਘੜੇ, ਥਾਲੀਆਂ, ਸਟੈਂਡ ਵਾਲੀਆਂ ਕਈ ਪ੍ਰਕਾਰ ਦੀਆਂ ਥਾਲੀਆਂ, ਕਟੋਰੇ, ਗਿਲਾਸ, ਇਕ ਖਾਸ ਤਰ੍ਹਾਂ ਦੇ ਛੇਕਾਂ ਵਾਲੇ ਲੰਬੇ ਆਕਾਰ ਦੇ ਬਰਤਨ ਆਦਿ। ਇਹ ਬਰਤਨ ਵੇਖਣ ਚ ਬੜੇ ਸੁੰਦਰ ਅਤੇ ਕਈ ਤਰ੍ਹਾਂ ਦੇ ਆਕਾਰ ਵਾਲੇ ਹੁੰਦੇ ਹਨ। ਪੁਰਾਤੱਤਵ ਦੇ ਅਧਾਰ ਤੇ ਬਰਤਨਾਂ ਨੂੰ ਪੁਰਾਤੱਤਵ ਦੀ ਵਰਨ ਅਖੱਰ ਜਾਂ ABCD ਕਿਹਾ ਗਿਆ ਹੈ ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬਰਤਨ ਪੁਰਾਤੱਤਵ ਦੀ ਦ੍ਰਿਸ਼ਟੀ ਨਾਲ ਕਿੰਨੇ ਸਹਾਇਕ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸੱਭਤਾ ਦੀ ਇੱਕ ਬਹੁਤ ਹੀ ਖਾਸ ਪਹਿਚਾਨ ਹੈ 'ਚਾਕਾਂ' (Cake)। ਇਹ ਚਾਕਾਂ ਹੱਥ ਨਾਲ ਬਣਾ ਕੇ ਮਿੱਟੀ ਨੂੰ ਪਕਾ ਕੇ ਬਣਾਂਈਆਂ ਜਾਂਦੀਆਂ ਸਨ। ਇਹ ਕਈ ਆਕਾਰਾਂ ਵਿਚ ਹੁੰਦੀਆਂ ਸਨ, ਜਿਵੇਂ ਕਿ ਗੋਲ, ਚੋਕੋਰ, ਤਿਕੋਨੇ, ਆਇਤਾਕਾਰ ਅਤੇ ਲੰਬੇ (mushtika shape)[6] ਇਹ ਚਾਕਾਂ ਹਜ਼ਾਰਾਂ ਦੀ ਤਾਦਾਦ ਵਿਚ ਮਿਲਦੀਆਂ ਹਨ। ਇਨ੍ਹਾਂ ਦਾ ਮਕਸਦ ਕੀ ਸੀ, ਇਹ ਅਜੇ ਵਾਦ-ਵਿਵਾਦ ਦਾ ਵਿਸ਼ਾ ਹੈ। ਕੁਝ ਵਿਦਵਾਨਾਂ ਦਾ ਕਹਿਨਾ ਹੈ ਕਿ ਇਹ ਕਿਸੇ ਧਾਰਮਕ ਮਕਸਦ ਲਈ ਸਨ ਤੇ ਕਈਆਂ ਦਾ ਕਹਿਣਾ ਹੈ ਕਿ ਇਹ ਫਰਸ਼ ਬਨਾਉਣ ਦੇ ਕੰਮ ਵਿਚ ਲਿਆਏ ਜਾਂਦੇ ਸੀ। ਪੱਕੇ ਤੌਰ ਤੇ ਇਨ੍ਹਾਂ ਦੇ ਮਕਸਦ ਦੇ ਬਾਰੇ ਵਿਚ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਬਹੁਤ ਹੀ ਪ੍ਰਾਚੀਨ ਕਾਲ ਤੋਂ ਬਾਹਵਾ ਦੀ ਸਜਾਵਟ ਲਈ ਵੱਖ ਵਖ ਸਮੇਂ ਤੋਂ ਲੈ ਕੇ ਅੱਜ ਤੱਕ ਚੂੜੀਆਂ, ਕੜੇ ਤੇ ਬਾਜੂ ਬੰਧ ਪਾਉਣ ਦਾ ਰਿਵਾਜ਼ ਚਲਿਆ ਆ ਰਿਹਾ ਹੈ। ਇਸਦਾ ਬਹੁਤ ਹੀ ਖੂਬਸੂਰਤ ਉਦਾਹਰਣ ਮੋਹਨਜੋਦੜੋ ਤੋਂ ਮਿਲੀ ਇਕ ਨਰਤਕੀ[7] (dancing girl) ਤੋਂ ਮਿਲਦਾ ਹੈ ਜੋ ਕਿ ਇਸ ਸੱਭਤਾ ਨਾਲ ਸੰਬੰਧਤ ਹੈ। ਇਸ ਨਰਤਕੀ ਦੀਆਂ ਦੋਨੋਂ ਬਾਹਵਾਂ ਚੂੜੀਆਂ ਨਾਲ ਭਰੀਆਂ ਹੋਈਆਂ ਹਨ। ਇਹ ਕਈ ਡਿਜ਼ਾਈਨਾਂ ਚ ਬਣੀਆਂ ਹੋਈਆਂ ਮਿਲਦੀਆਂ ਹਨ। ਮੁਖ ਰੂਪ ਵਿਚ ਸੋਨੇ, ਚਾਂਦੀ, ਤਾਂਬੇ, ਸ਼ੰਖ, ਮਿੱਟੀ ਦੀਆਂ।

ਇਸ ਸਭਤਾ ਨਾਲ ਸੰਬੰਧਤ ਥਾਵਾਂ ਤੋਂ ਪੱਕੀ ਮਿੱਟੀ ਦੀਆਂ ਚੂੜੀਆਂ ਹਜ਼ਾਰਾਂ ਦੀ ਤਾਦਾਦ ਵਿਚ ਮਿਲਦੀਆਂ ਹਨ ਜੋ ਕਿ ਇਸ ਸੱਭਤਾ ਦੀ ਖਾਸ ਨਿਸ਼ਾਨੀ ਹੈ। ਇਸਦੇ ਇਲਾਵਾ ਇਕ ਖਾਸ ਤਰ੍ਹਾਂ ਦੇ ਹਰੇ ਰੰਗ ਦੇ ਮਸਾਲੇ ਅਤੇ ਸ਼ੰਖ ਦੀਆਂ ਵੀ ਬਣੀਆਂ ਹੋਈਆਂ ਮਿਲਦੀਆਂ ਹਨ।

ਇਨ੍ਹਾਂ ਦੇ ਇਲਾਵਾ ਇਕ ਖੱਾਸ ਤਰ੍ਹਾਂ ਦੇ ਮੋਤੀ ਤੇ ਮਣਕੇ ਜੋ ਕਿ ਹਜ਼ਾਰਾਂ ਦੀ ਸੰਖਿਆ ਵਿਚ ਮਿਲਦੇ ਹਨ ਵੀ ਇਸ ਸੱਭਤਾ ਦੀ ਇਕ ਖਾਸ ਪਛਾਣ ਨੇ। ਇਹ ਮੋਤੀ, ਇਕ ਖਾਸ ਤਰ੍ਹਾਂ ਦੇ ਪਥੱਰ ਨੂੰ ਪੀਸ ਕੇ ਸਫੇਦ ਰੰਗ ਦੇ, ਟਿੱਕੀ (discular) ਦੀ, ਆਕਾਰ ਵਾਲੇ ਹੁੰਦੇਂ ਹਨ ਜੋ ਕਿ ਬਹੁਤ ਛੋਟੇ ਵੱਖ ਵੱਖ ਸਾਈਜ਼ ਵਿਚ ਮਿਲਦੇ ਹਨ। ਇਨ੍ਹਾਂ ਦੇ ਇਲਾਵਾ ਪੱਕੀ ਮਿੱਟੀ ਦੇ, ਕੀਮਤੀ ਪੱਥਰ ਦੇ ਬਣੇ ਹੋਏ ਕਈ ਤਰ੍ਹਾਂ ਦੇ ਮੋਤੀ ਅਤੇ ਮਣਕੇ ਵੀ ਮਿਲਦੇ ਹਨ ਜੋ ਕਿ ਸ਼ਾਇਦ ਮਾਲਾ ਆਦਿ ਬਨਾਉਣ ਦੇ ਕੰਮ ਲਿਆਏ ਜਾਂਦੇ ਹੋਣਗੇ। ਲੋਥਲ (ਗੁਜਰਾਤ) ਤੋਂ ਮੋਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਾਉਣ ਦਾ ਇਕ ਕਾਫੀ ਵਡਾ ਕਾਰਖਾਨਾ (Fact ory) ਮਿਲਿਆ ਹੈ ਜਿਸ ਵਿਚੋਂ ਹਜ਼ਾਰਾਂ ਦੀ ਤਾਦਾਦ ਵਿਚ ਮੋਤੀ ਮਿਲੇ ਹਨ।

ਉੱਪਰ ਲਿਖੀਆਂ ਵਸਤਾਂ ਦੇ ਇਲਾਵਾ ਇਸ ਸੱਭਤਾ ਦੀ ਮਹਤੱਵਪੂਰਣ ਚੀਜ਼ ਹੈ ਤੇਜ਼ ਧਾਰ ਵਾਲੇ ਪੱਥਰ ਦੇ ਬਣੇ ਹੋਏ ਚਾਕੂ ਇਹ ਚਾਕੂ ਮੁਖ ਰੂਪ ਵਿਚ (chert) ਨਾਮਕ ਪੱਥਰ ਦੇ ਬਣੇ ਹੋਏ ਹੁੰਦੇ ਸਨ[9]। ਇਹ ਖੁਦਾਈਆਂ ਅਤੇ ਅਣਵੇਖਣ ਦੇ ਦੌਰਾਨ ਸੈਂਕੜਿਆਂ ਦੀ ਮਾਤਰਾ ਚ ਪ੍ਰਾਪਤ ਹੁੰਦੇ ਹਨ।

ਪੱਥਰ ਦੇ ਹੀ ਬਣੇ ਹੋਏ ਖਾਸ ਤਰ੍ਹਾਂ ਦੇ ਚੌਕੋਰ ਭਾਰ ਤੋਲਣ ਦੇ ਵੱਟੇ ਵੀ ਕਾਫੀ ਮਹੱਤਵਪੂਰਣ ਸਥਾਨ ਰਖਦੇ ਹਨ। ਇਹ ਵੱਟੇ ਵੱਖ ਵੱਖ ਮਾਪਾਂ ਦੇ ਛੋਟੇ ਤੋਂ ਲੈਕੇ ਵਡੇ ਤੱਕ ਵੇਖਣ ਵਿਚ ਆਉਂਦੇ ਹਨ। ਇਹ ਜ਼ਿਆਦਾਤਰ Chert, Agate ਨਾਮਕ ਪੱਥਰਾਂ ਦੇ ਮਿਲਦੇ ਹਨ। ਇਸਦੇ ਇਲਾਵਾ ਪੱਕੀ ਮਿੱਟੀ ਅਤੇ ਦੂਜੇ ਵੀ ਕੁਝ ਲੰਬੇ ਆਕਾਰ ਦੇ ਵੱਟੇ ਵੱਖ ਵੱਖ ਮਾਪਾਂ ਦੇ ਵੇਖੇ ਜਾ ਸਕਦੇ ਹਨ।

ਇਸ ਸੱਭਤਾ ਨਾਲ ਸੰਬੰਧਤ ਬਹੁਤੀਆਂ ਅਜਿਹਿਆਂ ਥਾਵਾਂ ਨੇ ਜਿਨ੍ਹਾਂ ਚੋਂ ਮਾਤਰੀ ਦੇਵੀ (Mother Goddess) ਦੀਆਂ ਮਿੱਟੀ ਦੀਆਂ ਮੂਰਤਾਂ ਖੁਦਾਈ ਰਾਹੀਂ ਮਿਲੀਆਂ ਹਨ। ਇਵੇਂ ਜਾਪਦਾ ਹੈ ਕਿ ਸ਼ਾਇਦ ਇਸ ਕਾਲ ਦੇ ਲੋਕ ਮਾਤਰੀ ਦੇਵੀ ਦੇ ਉਪਾਸਕ ਰਹੇ ਹੋਣਗੇ।

ਇਸ ਕਾਲ ਵਿਚ ਤਾਂਬੇ ਅਤੇ ਕਾਂਸੇ ਦਾ ਇਸਤੇਮਾਲ ਸ਼ੁਰੂ ਹੋ ਗਿਆ ਸੀ। ਕਈ ਤਰ੍ਹਾਂ ਦੀਆਂ ਰੋਜ਼ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਖੁਦਾਈਆਂ ਚੋਂ ਮਿਲਣ ਨਾਲ ਇਹ ਗੱਲ ਪ੍ਰਮਾਣਤ ਹੁੰਦੀ ਹੈ ਤਾਂਬੇ ਦੀਆਂ ਚੂੜੀਆਂ, ਛਾਪਾਂ, ਝੁਮਕੇ, ਚਾਕੂ, ਸੁਰਮਚੂ, ਸਿਲਾਈਆਂ, ਮੂੰਹ ਦੇਖਣ ਵਾਲਾ ਕਾਂਸੇ ਦਾ ਸ਼ੀਸ਼ਾ ਸੂਈਆਂ (ਵਾਲਾਂ ਨੂੰ ਸਜਾਉਣ ਲਈ), ਛੈਣੀਆਂ, ਆਦਿ ਕਈ ਤਰ੍ਹਾਂ ਦੀਆਂ ਚੀਜ਼ਾਂ ਮਿਲਦੀਆਂ ਹਨ।

ਇਸ ਕਾਲ ਦੀ ਸੱਭ ਤੋਂ ਮਹਤਵਪੂਰਣ ਪਛਾਣ ਹੈ ਮੁਹਰਾਂ ਅਤੇ ਠੱਪੇ। ਇਹ ਠੱਪੇ ਅਤੇ ਮੁਹਰਾਂ Steatite ਨਾਮਕ ਪੱਥਰ ਦੇ ਚੋਕੋਰ ਆਕਾਰ ਚ ਮੁਖ ਰੂਪ ਵਿਚ ਮਿਲਦੇ ਹਨ। ਜਿਨ੍ਹਾਂ ਦੇ ਪਿਛਲੇ ਪਾਸੇ ਜ਼ਿਆਦਾਤਰ ਛੋਟਾ ਜਿਹਾ ਮੁਠਾ (Knob) ਬਣਿਆ ਹੁਦਾ ਸੀ। ਇਨ੍ਹਾਂ ਮੁਹਰਾਂ ਉੱਤੇ ਕਿਸੇ ਜਾਨਵਰ ਦੀ ਤਸਵੀਰ ਅਤੇ ਸਿੰਧੂ ਲਿਪੀ ਉਕਰੀ ਹੋਈ ਹੁੰਦੀ ਹੈ। ਇਸ ਲਿਪੀ ਨੂੰ ਅਜੇ ਤੱਕ ਕੋਈ ਵੀ ਵਿਦਵਾਨ ਪੜ੍ਹਨ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਮਯਾਬ ਨਹੀਂ ਹੋਇਆ। ਦੇਸ਼ਾਂ ਵਿਦੇਸ਼ਾਂ ਵਿਚ ਸਿੰਧੂ ਲਿਪੀ (Indus Script) ਨੂੰ ਪੜ੍ਹਨ ਲਈ ਕਈ ਵਿਦਵਾਨ ਕੋਸ਼ਿਸ਼ ਕਰ ਰਹੇ ਹਨ। ਕਈ ਵਿਦਵਾਨਾਂ ਨੇ ਇਸ ਲਿਪੀ ਨੂੰ ਪੜ੍ਹਨ ਦਾ ਦਾਅਵਾ ਵੀ ਕੀਤਾ ਹੈ ਜੋ ਕਿ ਸੰਭਵ ਨਹੀਂ ਜਾਪਦਾ। ਕਿਉਂ ਕਿ ਜੱਦ ਤੱਕ ਦੁਭਾਸ਼ੀ (Bilingual) ਲਿਪੀ ਨਹੀਂ ਮਿਲ ਜਾਦੀ ਤੱਦ ਤੱਕ ਇਸਨੂੰ ਮੰਨਣਾ ਸੰਭਵ ਨਹੀਂ। ਇਨ੍ਹਾਂ ਦੇ ਇਲਾਵਾ ਕੁਝ ਮੁਹਰਾਂ ਕਈ ਥਾਵਾਂ ਤੋਂ ਵੇਲਣੇ (cylindrical) ਦੀ ਆਕਾਰ ਵਿਚ ਵੀ ਮਿਲੀਆਂ ਹਨ।

ਇਸ ਕਾਲ ਬਾਰੇ ਇਹ ਵੇਖਣ ਵਿਚ ਆਇਆ ਹੈ ਕਿ ਮਰਨ ਪਿਛੋਂ ਮੁਰਦਿਆਂ ਨੂੰ ਦਫਨਾ ਦਿੱਤਾ ਜਾਂਦਾ ਸੀ। ਇਸ ਕਾਲ ਨਾਲ ਸਬੰਧਤ ਥਾਵਾਂ ਤੋਂ ਮਿਲੇ ਮੁਰਦਾਘਰਾਂ ਤੋਂ ਇਹ ਗੱਲ ਸਾਬਤ ਹੁੰਦੀ ਹੈ। ਮੁਰਦੇ ਦੋ ਤਰੀਕਿਆਂ ਨਾਲ ਦਬਾਏ ਜਾਂਦੇ ਸਨ : 1. ਸ਼ਰੀਰ ਨੂੰ ਲਿਟਾ ਕੇ ਅਤੇ 2. ਘੜੇ ਦੇ ਵਿਚ ਹੱਡੀ ਜਾਂ ਰਾਖ ਬੰਦ ਕਰਕੇ। ਮੁਰਦਿਆਂ ਨੂੰ ਉੱਤਰ-ਦੱਖਣ ਪਾਸੇ ਦਫਨਾਇਆ ਜਾਂਦਾ ਸੀ। ਮੁਰਦਿਆਂ ਦੇ ਨਾਲ ਰੋਜ਼ਾਨਾ ਇਸਤੇਮਾਲ ਦੀਆਂ ਵਸਤਾਂ ਵੀ ਰਖੀਆਂ ਜਾਂਦੀਆਂ ਸਨ। ਇਹ ਸੋਚਿਆ ਜਾਂਦਾ ਸੀ ਕਿ ਮਰਨੋਂ ਬਾਦ ਵੀ ਆਦਮੀ ਨੂੰ ਚੀਜ਼ਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ।

ਇਹ ਉਪਰ ਲਿਖੀਆਂ ਗਈਆਂ ਸਾਰੀਆਂ ਵਿਸ਼ੇਸ਼ਤਾਵਾਂ ਉਨ੍ਹਾਂ ਸੱਭ ਥਾਵਾਂ ਤੋਂ ਮਿਲਣਗੀਆਂ ਜੋ ਇਸ ਸੱਭਤਾ ਨਾਲ ਸੰਬੰਧਤ ਹੋਵੇਗੀ। ਕੁਝ ਇਕ ਖੇਤਰੀ-ਫਰਕ (Regional variations) ਬਣਾਵਟ ਚ ਭਾਂਵੇਂ ਵੇਖਣ ਚ ਆਉਣ ਪਰ ਸਾਰੇ ਲੱਛਣ ਇਕੋ ਜਿਹੇ ਜ਼ਰੂਰ ਹੋਣਗੇ। ਪ੍ਰਾਕ ਹੜੱਪਾ, ਹੜੱਪਾ ਅਤੇ ਹੜੱਪਾ ਬਾਦ ਦੀਆਂ ਥਾਵਾਂ ਸਾਰੇ ਭਾਰਤ ਵਿਚ ਕਰੀਬ 862 ਤੇ ਲਗਭੱਗ ਹਨ। ਭਾਰਤ ਵਿਚ ਇਸ ਸੱਭਤਾ ਦਾ ਵਿਸਤਾਰ ਜੰਮੂ ਕਸ਼ਮੀਰ ਚ ਮਾਂਡਾ ਤੋਂ ਲੈਕੇ ਦੈਮਾਬਾਦ, ਮਹਗਾਮ ਅਤੇ ਭਗਤਰਾਵ ਤੋਂ ਲੈ ਕੇ ਪੂਰਵ ਚ ਹੁਲਾਸ ਤੱਕ ਫੈਲਿਆ ਹੋਇਆ ਹੈ ਜੇਕਰ ਪਾਕਿਸਤਾਨ ਦੀਆਂ ਥਾਵਾਂ ਵੀ ਨਾਲ ਗਿਣ ਲਈਆਂ ਜਾਣ ਤਾਂ ਫੇਰ ਇਸ ਸੱਭਤਾ ਦਾ ਖੇਤਰ ਕਾਫੀ ਜ਼ਿਆਦਾ ਹੋ ਜਾਵੇਗਾ।

ਵਰਤਮਾਨ ਪੰਜਾਬ ਵਿਚ 24 ਦੇ ਲਗਭਗ ਇਸ ਸੱਭਤਾ ਦੀਆਂ ਥਾਵਾਂ ਹੁਣ ਤੱਕ ਪ੍ਰਾਪਤ ਹੋਈਆਂ ਹਨ। ਵਿਆਪਕ ਰੂਪ ਵਿਚ ਅਣਵੇਖਣ ਅਤੇ ਖੁਦਾਈਆਂ ਤੋਂ ਇਹ ਵੇਖਣ ਚ ਆਇਆ ਹੈ ਕਿ ਹੱੜਪਾ ਸੱਭਤਾ ਵੇਲੇ ਪੰਜਾਬ ਵਿਚ ਅਨੇਕਾਂ ਵਸਾਸਤਾਂ ਸਨ ਜੋ ਕਿ ਨਗਰ, ਕਸਬੇ ਅਤੇ ਪਿੰਡਾਂ ਦੇ ਰੂਪ ਵਿਚ ਫਲ ਫੁਲ ਰਹੀਆਂ ਸਨ। ਹਾਲ ਵਿਚ ਭਾਰਤੀ ਪੁਰਾਤੱਤਵ ਸਰਵੇਖਣ ਦੀ ਇਕ ਟੀਮ ਦਵਾਰਾ ਹੋਏ ਅਣਵੇਖਣ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਾਰ ਤ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਇਸ ਸਭਤਾ ਦ ਲਕ ਸਰਸਵਤੀ (ਘਗਰ) ਨਦੀ ਦੇ ਕੰਡੇ ਸੱਵ ਤੋਂ ਪਹਿਲਾਂ ਜਿਲਾ ਭਠਿੰਡਾ ਦੀ ਮਾਨਸਾ ਤਹਸੀਲ ਵਿਚ ਆਏ ਤੇ ਫੇਰ ਸਾਰੇ ਪੰਜਾਬ ਵਿਚ ਫੈਲ ਗਏ। ਪੰਜਾਬ ਦਾ ਸਰਹਿੰਦ ਨਾਲਾ ਇਸ ਸੱਭਤਾ ਦੀ ਲੜੀ ਜੋੜਨ ਵਿਚ ਇਕ ਬਹੁਤ ਹੀ ਮਹਤੱਵਪੂਰਨ ਸਥਾਨ ਰਖਦਾ ਹੈ। (ਸਰਹਿਦ ਨਾਲਾ ਘੱਗਰ ਨਦੀ ਦਾ ਹੀ ਇਕ ਨਾਲਾ ਹੈ) ਇਸ ਅਧਾਰ ਤੇ ਇਹ ਕਿਹਾ ਜਾ ਸਕਦਾ ਕਿ ਇਸ ਸੱਭਤਾ ਦਾ ਕੇਂਦਰੀਕਰਣ ਇਹ ਥਾ ਹੀ ਮੁਖ ਰੂਪ ਵਿਚ ਸੀ। ਦੂਜੀਆਂ ਨਦੀਆਂ) ਸਤਲੁਜ, ਬਿਆਸ ਤੇ ਰਾਵੀ) ਦੇ ਕੰਢਿਆਂ ਤੇ ਇਸ ਸੱਭਤਾ ਦੇ ਅਵਸ਼ੇਸ਼ਾਂ ਦਾ ਨਾ ਹੋਣਾ ਇਨ੍ਹਾਂ ਨਦੀਆਂ ਦੇ ਅਸਥਿਰ (erratic) ਸੁਭਾਉ ਕਾਰਣ ਰਿਹਾ ਹੋਵੇਗਾ।

ਸਮੂਚੇ ਤੌਰ ਤੇ ਇਹ ਵੇਖਣ ਵਿਚ ਆਇਆ ਹੈ ਕਿ ਨਦੀਆਂ ਦੀ ਮਿੱਟੀ ਹੋਣ ਕਾਰਣ ਇਹ ਪ੍ਰਦੇਸ਼ ਮੁਖ ਰੂਪ ਵਿਚ ਕਾਫੀ ਨਿੱਘਾ ਖੇਤੀ-ਬਾੜੀ ਪ੍ਰਧਾਣ ਖੇਤਰ ਬਹੁਤ ਪ੍ਰਾਚੀਨ ਕਾਲ ਤੋਂ ਹੀ ਰਿਹਾ ਹੈ। ਜਲਵਾਯੂ ਦੇ ਲਿਹਾਜ ਨਾਲ ਵੀ ਇਹ ਪ੍ਰਦੇਸ਼ ਕਾਫੀ ਚੰਗਾ ਹੋਣ-ਕਾਰਣ ਹੜੱਪਾ-ਕਾਲੀਨ ਲੋਕਾਂ ਦੀ ਖਿੱਚ ਦਾ ਵਿਸ਼ਾ ਰਿਹਾ ਹੋਵੇਗਾ। ਇਨ੍ਹਾਂ ਲੋਕਾਂ ਦਾ ਭੋਜਨ ਕਣਕ, ਚਾਵਲ ਅਤੇ ਜੌਂ ਆਦਿ ਮੁਖ ਰੂਪ ਵਿਚ ਸੀ। ਜਲਵਾਯੂ ਦੇ ਇਲਾਵਾ ਇਥੋਂ ਦੀ ਉਪਜਾਉ ਧਰਤੀ ਅਤੇ ਲਕੜੀ ਆਦੀ ਦੇ ਵਪਾਰਕ ਸੰਬੰਧ ਵੀ ਜਰੂਰ ਇਥੋਂ ਦੇ ਆਕਰਸ਼ਨ ਦਾ ਕਾਰਣ ਰਹੇ ਹੋਣਗੇ। ਇਸ ਤਰ੍ਹਾਂ ਇਹ ਵੇਖਣ ਵਿਚ ਆਇਆ ਹੈ ਕਿ ਇਸ ਕਾਲ ਵਿਚ ਵੀ ਪ੍ਰਾਚੀਨ ਪੰਜਾਬ ਨਗਰ, ਕਸਬੇ ਅਤੇ ਪਿੰਡਾਂ ਨਾਲ ਭਰਿਆ ਹੋਇਆ ਖੇਤਰ ਸੀ।

ਇਸ ਸੱਭਤਾ ਦਾ ਖਾਤਮਾ ਕਿਸ ਤਰ੍ਹਾਂ ਹੋਇਆ ? ਇਸ ਬਾਰੇ ਵਿਦਵਾਨਾਂ ਦੇ ਵੱਖ ਵੱਖ ਮਤ ਹਨ। ਕੁਝ ਦਾ ਕਹਿਨਾ ਹੈ ਕਿ ਕਿਸੇ ਬਾਹਰੀ ਹਮਲਾਵਰਾਂ ਨੇ ਇਸ ਸੱਭਤਾ ਦਾ ਖਾਤਮਾ ਕੀਤਾ, ਕੁਝ ਹੋਰਨਾਂ ਦੇ ਅਨੁਸਾਰ ਨਦੀਆਂ ਵਿਚ ਹੜਾਂ ਦੇ ਕਾਰਣ ਇਹ ਸੱਭਤਾ ਖਤਮ ਹੋ ਗਈ ਅਤੇ ਕੁੱਝ ਦਾ ਅਨੁਮਾਨ ਹੈ ਕਿਸੇ ਬੀਮਾਰੀ ਦੇ ਕਾਰਣ ਇਹ ਸੱਭਤਾ ਲੋਪ ਹੋ ਗਈ। ਸਮੂਚੇ ਤੌਰ ਤੇ ਅਨੁਮਾਨ ਲਗਾਉਣਾ ਸੰਭਵ ਨਹੀਂ। ਜਿਸ ਤਰ੍ਹਾਂ ਇਹ ਸੱਭਤਾ ਅਚਾਣਕ ਉਦਿਤ ਹੋਈ ਸੀ ਉਸੇ ਤਰ੍ਹਾਂ ਇਹ ਲੋਪ ਹੋਣੀ ਸ਼ੁਰੂ ਹੋ ਗਈ।

ਭਾਰਤ ਦੀ ਆਜ਼ਾਦੀ ਮਗਰੋਂ ਅਜ ਤੱਕ ਜਿਨ੍ਹਾਂ ਥਾਵਾਂ ਤੇ ਖੁਦਾਈਆਂ ਹੋਈਆਂ ਹਨ ਉਨ੍ਹਾਂ ਦਾ ਵਿਸਥਾਰ ਸਹਿਤ ਵੇਰਵਾ ਇਸ ਤਰ੍ਹਾਂ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1 ਰੋਪੜ : ਪ੍ਰਾਚੀਨ ਸਮੇਂ ਵਿਚ ਇਸ ਨੂੰ ਰੂਪਨਗਰ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਪੁਰਾਤਤਵ ਦ੍ਰਿਸ਼ਟੀ ਨਾਲ ਰੋਪੜ ਦਾ ਥੇਹ ਬਹੁਤ ਹੀ ਮਹਤੱਵਪੂਰਣ ਹੈ ਇਹ ਥੇਹ ਉਸ ਥਾਂ ਤੇ ਹੈ ਜਿੱਥੇ ਸਤਲੁਜ ਮੈਦਾਨੀ ਇਲਾਕੇ ਵਿਚ ਪਰਵੇਸ਼ ਪਾਉਂਦੀ ਹੈ। ਖੁਦਾਈ ਮਗਰੋਂ ਇਸ ਥਾਂ ਤੋਂ ਪੰਜ-ਸੱਭਤਾਵਾਂ ਦੇ ਅਵਸ਼ੇਸ਼ ਮਿਲੇ। ਇਸ ਥਾਂ ਤੇ ਹੜਪਾ ਸੱਭਤਾ ਦੇ ਲੋਕਾਂ ਦਾ ਸਰਸਵਤੀ ਨਦੀ ਤੋਂ ਸਤਲੁਜ ਤੇ ਆਉਣਾ ਕਿਹਾ ਜਾਂਦਾ ਹੈ। ਇਥੋਂ ਕੱਚੀ ਮਿੱਟੀ ਦੀਆਂ ਇੱਟਾਂ ਦੇ ਬਣੇ ਮਕਾਣ ਮਿਲੇ ਹਨ। ਇਸਦੇ ਇਲਾਵਾ ਧਾਤਾਂ ਦੇ ਬਣੇ ਔਜਾਰ ਅਤੇ ਬਰਤਨ, ਪਥੱਰ ਦੇ ਚਾਕੂ ਅਤੇ ਭਾਰ ਤੋਲਣ ਦੇ ਵੱਟੇ ਵਗੈਰਾ ਵੀ ਮਿਲੇ ਹਨ! ਬਰਤਨਾਂ ਚੋਂ ਘੜੇ, ਥਾਲੀਆਂ, ਗਿਲਾਸ, ਪਿਆਲੇ ਵਗੈਰਹ ਕਈ ਤਰ੍ਹਾਂ ਦੇ ਬਰਤਨ ਮਿਲੇ ਹਨ। ਦੱਬੇ ਹੋਏ ਮੁਰਦੇ ਵੀ ਮਿਲੇ ਹਨ। ਇਨ੍ਹਾਂ ਤੋਂ ਇਲਾਵਾ ਰੋਜ ਵਰਤਨ ਵਿਚ ਆਉਣ ਵਾਲੀਆਂ ਵਸਤਾਂ, ਗਹਿਣੇਂ ਵਗੈਰਾ ਵੀ ਦ੍ਰਿਸ਼ਟੀਗਤ ਹੋਏ ਹਨ।

ਇਸੇ ਕਾਲ ਦੀ ਹੀ ਖੁਦਾਈ ਵਿਚੋਂ ਇਕ ਕਬਰਸ਼ਤਾਨ ਵੀ ਮਿਲਿਆ ਹੈ ਜਿਸ ਵਿਚੋਂ ਮੁਰਦਿਆਂ ਦੇ ਨਾਲ ਉਨ੍ਹਾਂ ਦੇ ਰੋਜ਼ ਵਰਤੋਂ ਵਾਲੀਆਂ ਚੀਜ਼ਾ ਜਿਵੇਂ ਕਿ ਸੱਭ ਤਰ੍ਹਾਂ ਦੇ ਬਰਤਨ, ਗਹਿਣੇ ਅਤੇ ਹੋਰ ਚੀਜ਼ਾਂ ਵੀ ਰਖੀਆਂ ਹੋਈਆਂ ਮਿਲੀਆਂ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮੌਤ ਦੇ ਬਾਦ ਵੀ ਮੁਰਦੇ ਨੂੰ ਰੋਜ ਵਰਤਨ ਵਿਚ ਆਉਣ ਵਾਲੀਆਂ ਵਸਤਾਂ ਦੀ ਜ਼ਰੂਰਤ ਪੈਂਦੀ ਹੈ। ਮੁਰਦੇ ਦਾ ਸਿਰ ਉੱਤਰ-ਪੱਛਮ ਵੱਲ ਰਖਿਆ ਹੋਇਆ ਮਿਲਿਆ ਹੈ। ਇਕ ਮੁਰਦੇ ਦੀ ਬਾਜੂ ਤੇ ਚੂੜੀ ਪਾਈ ਹੋਈ ਅਤੇ ਦੂਜੇ ਦੀ ਉਂਗਲੀ ਤੇ ਤਾਂਬੇ ਦੀ ਛਾਪ ਪਾਈ ਹੋਈ ਮਿਲੀ ਹੈ।

ਸਿੰਧੂ ਸੱਭਤਾ ਕਾਲੀਨ ਇਕ ਮੁਦਰਾ ਵੀ ਮਿਲੀ ਹੈ ਜਿਸਦੇ ਇਕ ਪਾਸੇ ਚਿਤੱਰ ਲਿਪੀ ਦੇ ਨਿਸ਼ਾਨ ਅਤੇ ਦੂਜੇ ਪਾਸੇ ਸਮਕੇਂਦਰੀ ਚੱਕਰ ਹਨ।

ਇਸ ਸੱਭਤਾ ਦਾ ਖਾਤਮਾ ਇਸ ਥਾਂ ਤੋਂ ਕਿਵੇਂ ਹੋਇਆ ਇਹ ਨਹੀਂ ਕਿਹਾ ਜਾ ਸਕਦਾ। ਇਵੇਂ ਜਾਪਦਾ ਹੈ ਕਿ ਇਸ ਸੱਭਤਾ ਖਤਮ ਹੋਣ ਤੋਂ ਬਾਦ ਕਾਫੀ ਦੇਰ ਤੱਕ ਇਹ ਥਾਂ ਉਜੜੀ ਰਹੀ। ਇਸ ਸੱਭਤਾ ਤੋਂ ਬਾਦ ਦੂਸਰੇ ਲੋਕ ਆਏ ਜਿਨ੍ਹਾਂ ਨੂੰ ਸਲੇਟੀ ਚਿਤਰਿਤ ਪਾਤਰ ਸੱਭਤਾ ਕਿਹਾ ਜਾਂਦਾ ਹੈ।

ਸਲਟੀ ਚਿਤਰਿਤ ਪਾਤੱਰ ਸੱਭਤਾ

ਕੁੱਝ ਵਿਦਵਾਨ ਇਸ ਸੱਭਤਾ ਨੂੰ ਆਰਿਆ ਸੱਭਤਾ ਨਾਲ ਜੋੜਦੇ ਹਨ। ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਸ਼ੇ ਵਿਚ ਪੂਰੀ ਤਰ੍ਹਾਂ ਪ੍ਰਮਾਣ ਨਹੀਂ ਮਿਲੇ ਅਤੇ ਅਜੇ ਤੱਕ ਇਹ ਵਾਦ ਵਿਵਾਦ ਦਾ ਵਿਸ਼ਾ ਹੈ। ਇਸ ਕਾਲ ਤੋਂ ਲੋਕਾਂ ਦੇ ਝੌਂਪੜੀਆਂ ਵਿਚ ਰਹਿਣ ਦੇ ਅਵਸ਼ੇਸ਼ ਮਿਲੇ ਹਨ। ਇਸ ਸੱਭਤਾ ਦੇ ਲੋਕਾਂ ਦੇ ਬਰਤਨ ਬੜੇ ਹੀ ਸੁਦਰ ਅਤੇ ਆਕਰਸ਼ਕ ਹੁੰਦੇ ਸਨ। ਜਿਨ੍ਹਾਂ ਉਤੇ ਕਾਲੇ ਰੰਗ ਨਾਲ ਬਹੁਤ ਹੀ ਖੂਬਸੂਰਤ ਡਿਜ਼ਾਇਨ ਬਨਾਏ ਜਾਂਦੇ ਸੀ। ਥਾਲੀਆਂ, ਕਟੋਰੇ, ਲੋਟਾ ਆਦਿ ਇਨ੍ਹਾਂ ਚੋਂ ਵਿਸ਼ੇਸ਼ ਤਰ੍ਹਾਂ ਦੇ ਬਰਤਨ ਸੀ। ਤਰ੍ਹਾਂ ਤਰ੍ਹਾਂ ਦੇ ਪੱਥਰਾਂ ਦੇ ਮੋਤੀ, ਧਾਤ ਦੀਆਂ ਅਤੇ ਸ਼ੀਸ਼ੇ ਤੇ ਹਡੀ ਦਾ ਬਣਿਆ ਸਮਾਨ ਵੀ ਮਿਲਿਆ ਹੈ। ਕੁਝ ਸਮੇਂ ਬਾਦ ਇਥੋਂ ਇਸ ਸੱਭਤਾ ਦਾ ਵੀ ਖਾਤਮਾ ਹੋ ਗਿਆ।

ਉਤੱਰੀ ਕਾਲੇ ਚਮਕੀਲੇ ਪਾਤੱਰ ਸੱਭਤਾ

ਇਸ ਤੋਂ ਬਾਦ ਦੂਸਰੀ ਸੱਭਤਾ ਦੇ ਲੋਕਾਂ ਦਾ ਆਗਮਨ ਹੋਇਆ ਜਿਸਨੂੰ ਉਤੱਰੀ ਕਾਲੇ ਰੰਗ ਦੇ ਬਰਤਨਾਂ ਦੀ ਸੱਭਤਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇ ਬਰਤਨ ਬਹੁਤ ਹੀ ਸੁੰਦਰ ਅਤੇ ਖਾਸ ਤਰ੍ਹਾਂ ਦੀ ਚਮਕ ਵਾਲੇ ਹੁੰਦੇ ਸਨ ਜੋ ਕਿ ਤਕਰੀਬਨ ਸਾਰੇ, ਉੱਤਰੀ ਭਾਰਤ ਵਿਚ ਮਿਲਦੇ ਹਨ। ਇਨ੍ਹਾਂ ਕਾਲੇ ਰੰਗ ਦੇ ਬਰਤਨਾਂ ਤੇ ਇਕ ਖਾਸ ਤਰ੍ਹਾਂ ਦੀ ਪਾਲਿਸ਼ ਹੁੰਦੀ ਹੈ ਜੋ ਕਿ ਬਹੁਤ ਹੀ ਚਮਕਦੀ ਹੈ। ਇਸ ਤਰ੍ਹਾਂ ਦੇ ਬਰਤਨਾਂ ਚੋਂ ਵਿਸ਼ੇਸ਼ ਤੌਰ ਤੇ ਥਾਲੀਆਂ ਤੇ ਕਟੌਰੇ ਹੀ ਮਿਲਦੇ ਹਨ। ਇਸ ਸੱਭਤਾ ਦਾ ਕਾਲ-ਨਿਰਧਾਰਣ ਕਰੀਬ 6th ਈ. ਪੂ. ਤੋਂ 2nd ਈ. ਪੂ. ਤੱਕ ਜਾਣਿਆ ਜਾਂਦਾ ਹੈ। ਇਸ ਕਾਲ ਵਿਚ ਸਿੱਕਿਆਂ ਦਾ ਮਿਲਣਾ ਵੀ ਸ਼ੁਰੂ ਹੋ ਜਾਂਦਾ ਹੈ। ਇਸ ਕਾਲ ਦੀ ਖੁਦਾਈ ਚੋਂ ਇਥੋਂ ਬਣਾਵ-ਸ਼ਿੰਗਾਰ ਦਾ ਸਮਾਨ (ਹਾਥੀ ਦੇ ਦੰਦ ਦਾ ਬਣਿਆ ਹੋਇਆ) ਕੰਘੀ, ਸਿਰ ਤੇ ਸਜਾਨ ਲਈ ਸੂਈਆਂ. ਅਤੇ ਸੁਰਮਚੂ ਵਗੈਰਾ ਵੀ ਮਿਲੇ ਹਨ। ਇੱਕ ਮੂੰਹ ਵੇਖਣ ਵਾਲਾ ਸ਼ੀਸ਼ਾ ਵੀ ਮਿਲਿਆ ਹੈ। ਇਸਦੇ ਇਲਾਵਾ ਬ੍ਰਾਹਮੀ ਲਿਪੀ ਚ ਲਿਖੀ ਹੋਈ ਇਕ ਮੋਹਰ ਵੀ ਮਿਲੀ ਹੈ।

ਸ਼ੁੰਗ ਕਾਲ

ਇਸ ਕਾਲ ਦਾ ਸਮਾਂ ਕਰੀਬ 2nd ਈ. ਪੂ. ਦੇ ਆਸਪਾਸ ਆਉਂਦਾ ਹੈ। ਇਸ ਕਾਲ ਦੀ ਕਲਾ ਇਕ ਖਾਸ ਤਰ੍ਹਾਂ ਦੀ ਸੀ ਇਸ ਕਾਲ ਦੀਆਂ ਬਣੀਆਂ ਜਿਹੜੀਆਂ ਮੂਰਤਾਂ ਵੇਖਣ ਚ ਆਉਂਦੀਆਂ ਹਨ ਉਹ ਚੰਗੀ ਤਰ੍ਹਾਂ ਗਹਿਣੀਆਂ ਨਾਲ ਸਜਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਈਆਂ ਅਤੇ ਸ਼ੈਲੀਕਾਰ ਹੁੰਦੀਆ ਸੀ। ਇਸ ਕਾਲ ਚੋਂ ਯਕਸ਼ ਅਤੇ ਯਕਸ਼ੀਆਂ ਦੀਆਂ ਮੂਰਤਾਂ ਕਾਫੀ ਮਾਤਰਾ ਵਿਚ ਮਿਲਦੀਆਂ ਹਨ।

ਇਸ ਤੋਂ ਬਾਦ ਖੁਦਾਈ ਵਿਚੋਂ ਕੁਸ਼ਾਨ ਕਾਲ ਅਤੇ ਗੁਪਤ ਕਾਲ ਦਾ ਸਮਾਨ ਵੀ ਕਾਫੀ ਮਾਤਰਾ ਵਿਚ ਮਿਲਿਆ ਹੈ ਕੁੱਝ ਗੁਪਤ ਕਾਲ ਦੇ ਅਵਸ਼ੇਸ਼ ਬਹੁਤ ਹੀ ਸੋਹਣੇ ਹਨ ਜਿਵੇਂ ਕਿ ਇਕ ਵੀਣਾ ਵਜਾਂਉਂਦੀ ਹੋਈ ਸੁਦਰੀ ਦੀ ਮੂਰਤੀ, ਅਤੇ ਚਾਂਦੀ ਦੇ ਤਿੰਨ੍ਹ ਬਹੁਤ ਹੀ ਖੁਬਸੂਰਤ ਬਰਤਨ। ਇਕ ਚਮਚਾ ਅਤੇ ਪਿਆਲਾ ਵੇਖਣ ਯੋਗ ਚੀਜ਼ਾਂ ਹਨ। ਇਥੋਂ ਇਕ ਚੰਦਰਗੁੱਪਤ ਕੁਮਾਰਦੇਵੀ ਦਾ ਸੋਨੇ ਦਾ ਸਿੱਕਾ ਵੀ ਮਿਲਿਆ ਹੈ।

ਇਸ ਕਾਲ ਤੋਂ ਬਾਦ ਸ਼ਾਇਦ ਕੁਝ ਸਮੇ ਤੱਕ ਹੂਣਾਂ ਦਾ ਰਾਜ ਰਿਹਾ ਅਤੇ ਫੇਰ ਉਸ ਤੋਂ ਬਾਦ ਮੁਸਲਮ ਕਾਲ ਸ਼ੁਰੂ ਹੋ ਗਿਆ। ਮੁਸਲਮ ਕਾਲ ਦੀ ਖਾਸ ਤਰ੍ਹਾਂ ਦੇ ਬਰਤਨ, ਸਿੱਕੇ ਅਤੇ ਇੱਟਾਂ ਵਗੈਰਾ ਕਾਫੀ ਮਾਤਰਾ ਚ ਮਿਲੀਆਂ ਹਨ। ਇਨ੍ਹਾਂ ਦਾ ਰਾਜ ਕਰੀਬ ਦਸਵੀਂ ਸ਼ਤਾਬਦੀ ਤੋਂ 13 ਵੀਂ ਸ਼ਤਾਬਦੀ ਤੱਕ ਰਿਹਾ।[10]

ਢੇਰ ਮਾਜਰਾ :—ਇਹ ਥਾਂ ਜਿਲਾ ਰੋਪੜ ਵਿਚ ਸਥਿਤ ਹੈ ਇਸ ਥੇਹ ਦਾ ਖੇਤਰ ਕਰੀਬ 106×68 ਮੀ. ਹੈ ਅਤੇ ਉਚਾਈ 11.25 ਮੀ.। ਪਰੂਫਰ ਨਾਮਕ ਵਿਦਵਾਨ ਨੇ ਇਥੇ ਖੁਦਾਈ ਤੋਂ ਬਾਦ ਇਸਦੀ ਸਮਾਨਤਾ ਹੜੱਪਾ ਸੱਭਤਾ ਨਾਲ ਮਿਲਦੀ ਦੱਸੀ। ਉਹ ਸਾਰੇ ਤਰ੍ਹਾਂ ਦੇ ਬਰਤਨ ਅਤੇ ਉਨ੍ਹਾਂ ਦੇ ਬਣੇ ਡਿਜ਼ਾਇਨ ਮਿਲੇ ਹਨ ਜੋ ਕਿ ਹੜੱਪਾ ਸੱਭਤਾ ਨਾਲ ਸੰਬੰਧਤ ਹਨ। ਇਨ੍ਹਾਂ ਤੋਂ ਇਲਾਵਾ ਧਾਤਾਂ ਦੇ ਟੁਕੜੇ, ਚੂੜੀਆਂ, ਮੋਤੀ, ਬੈਲ ਗਡੀ ਦੇ ਪਹੀਏ, ਮਿੱਟੀ ਦੇ ਬਣੇ ਖਿਲੌਨੇ. ਭਾਰ ਤੋਲਨ ਦੇ ਵੱਟੇ ਅਤੇ ਸਿਲ ਵੱਟੇ ਮਿਲੇ ਹਨ।

ਚੰਡੀਗੜ੍ਹ :—ਕੁਝ ਸਾਲ ਪਹਿਲਾਂ ਸੈਕਟਰ 17 ਵਿਚ ਇਕ ਬਿਲਡਿੰਗ ਦੀ ਨੀਂਹ ਖੋਦਦੇ ਹੋਏ ਅਚਾਨਕ ਪ੍ਰਾਚੀਨ ਕਾਲ ਦੇ ਅਵਸ਼ੇਸ਼ ਨਜ਼ਰ ਆਏ। ਬਾਦ ਵਿਚ ਭਾਰਤੀ ਪੁਰਾਤੱਤਵ ਸਰਵੇਖਣ ਨੇ ਖੁਦਾਈ ਦਾ ਕੰਮ ਆਪਣੇ ਹੱਥ ਵਿਚ ਲੈ ਲੀਤਾ। ਖੁਦਾਈ ਚੋਂ ਜੋ ਅਵਸ਼ੇਸ਼ ਮਿਲੇ ਉਨ੍ਹਾਂ ਦਾ ਸਮਾਂ ਹੜੱਪਾ ਕਾਲੀਨ ਸੱਭਤਾ ਦੇ ਨਾਲ ਦਾ ਮਿਲਦਾ ਸੀ। ਉਹ ਸਭ ਤਰ੍ਹਾਂ ਦੇ ਬਰਤਨ ਜੋ ਕਿ ਇਸ ਸੱਭਤਾ ਨਾਲ ਸੰਬੰਧਤ ਨੇ, ਤੋਂ ਇਲਾਵਾ ਬਾਕੀ ਰੋਜ਼ ਇਸਤੇਮਾਲ ਕਰਨ ਦੀਆਂ ਵਸਤਾਂ ਵੀ ਮਿਲੀਆਂ। ਤਾਂਬੇ ਤੇ ਮਿੱਟੀ ਦੀਆਂ ਚੂੜੀਆਂ, ਸੁਈਆਂ ਤੇ ਸਿਲ-ਵੱਟਾ ਆਦਿ ਹੋਰ ਮੁੱਖ ਅਵਸ਼ੇਸ਼ ਹਨ। ''ਖੁਦਾਈ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਦੀ ਵਿਚ ਹੜ੍ਹ ਆਉਣ ਦੇ ਵੀ ਪ੍ਰਮਾਣ ਮਿਲੇ ਹਨ ਜਿਸਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਥੇ ਇਸ ਸੱਭਤਾ ਦਾ ਅੰਤ ਹੜ੍ਹ ਦੇ ਆਉਣ ਨਾਲ ਹੋਇਆ।

ਸੰਘੋਲ:—ਸੰਘੋਲ, ਜਿਸਨੂੰ ਕਿ ਸਥਾਨਕ ਤੌਰ ਤੇ ਉੱਚਾ ਪਿੰਡ ਵੀ ਕਿਹਾ ਜਾਂਦਾ ਹੈ, ਚੰਡੀਗੜ੍ਹ-ਲੁਧਿਆਣਾ ਸੜਕ ਤੇ, ਚੰਡੀਗੜ੍ਹ ਤੋਂ ਕਰੀਬ 40 ਕਿ. ਮੀ. ਦੀ ਦੂਰੀ ਤੇ ਲੁਧਿਆਣਾ ਜ਼ਿਲਾ ਦੀ ਸਮਰਾਲਾ ਤਹਸੀਲ ਵਿਚ ਸਥਿਤ ਹੈ। ਇਹ ਥਾਂ ਸਤਲੁਜ ਦਰਿਆ ਤੋਂ ਕਰੀਬ 32 ਕਿ. ਮੀ. ਉੱਤਰ ਵੱਲ ਵਿਦਮਾਨ ਹੈ। ਪੁਰਾਤੱਤਵ ਦੀ ਦ੍ਰਿਸ਼ਟੀ ਨਾਲ ਇਹ ਥਾਂ ਬਹੁਤ ਹੀ ਮਹਤੱਵਪੂਰਣ ਹੈ ਕਿਉਂਕਿ ਸੱਭਤਾ ਦੀ ਸ਼ੁਰੂਆਤ ਤੋਂ ਲੈ ਕੇ ਮੁਸਲਿਮ ਸੱਭਤਾ ਤੱਕ ਲੜੀਵਾਰ ਵੇਰਵੇ (Sequence) ਦੀ ਜਾਣਕਾਰੀ ਇਸ ਥਾਂ ਤੋਂ ਖੁਦਾਈਆਂ ਦੇ ਦੌਰਾਨ ਮਿਲਦੀ ਹੈ।[12]

ਇਸ ਥਾਂ ਦੀ ਖੁਦਾਈ ਦੇ ਨਤੀਜੇ ਵਜੋਂ ਸੱਭ ਤੋਂ ਪਹਿਲਾਂ ਹੜੱਪਾ-ਸੱਭਤਾ ਦੇ ਅਵਸ਼ੇਸ਼ ਮਿਲੇ। ਇਸ ਕਾਲ ਦੇ ਲੋਕ, ਇਵੇਂ ਜਾਪਦਾ ਹੈ ਕਿ ਪਹਿਲਾਂ ਪਹਿਲ ਘਾਸ-ਫੂਸ ਦੀਆਂ ਬਣੀਆਂ ਝੋਂਪੜੀਆਂ ਵਿਚ ਵਾਸ ਕਰਦੇ ਸਨ ਜਿਸਦਾ ਅਨੁਮਾਨ ਝੋਂਪੜੀਆਂ ਦੇ ਮਿਲੇ ਛੋਟੇ ਛੋਟੇ ਗਢਿਆਂ (Post holes) ਤੋਂ ਲਗਦਾ ਹੈ। ਬਾਦ ਵਿਚ ਲੋਕ ਕੱਚੀ-ਮਿੱਟੀ ਦੀਆਂ ਇਟਾਂ ਦੇ ਮਕਾਨਾਂ ਵਿਚ ਰਹਿਨ ਲਗ ਪਏ। ਮਕਾਨ ਬੜੇ ਸਾਫ-ਸੁਥਰੇ ਹਵਾਦਾਰ ਤੇ ਸੁਘੜ ਬਣਾਏ ਜਾਂਦੇ ਸਨ। ਇਕ ਮਕਾਨ ਚੋਂ ਇਕ ਕਮਰੇ ਦੇ ਅਵਸ਼ੇਸ਼ ਵੀ ਮਿਲੇ ਜਿਸਦਾ ਮਾਪ 170×130 ਮੀ. ਸੀ। ਮਕਾਨਾਂ ਚੋਂ ਅਨਾਜ ਰਖਣ ਲਈ ਕੋਠੜੀਆਂ, ਵਡੇ ਵਡੇ ਮਟਕੇ ਅਤੇ ਘੜੇ ਵੀ ਮਿਲੇ ਹਨ ਜੋ ਕਿ ਸ਼ਾਇਦ ਅਨਾਜ ਲਈ ਹੀ ਵਰਤੋਂ ਚ ਲਿਆਏ ਜਾਂਦੇ ਸਨ। ਇਕ 'U' ਅਕਾਰ ਦਾ ਤੰਦੂਰ ਵੀ ਮਿਲਿਆ ਹੈ। ਅੰਡਾਕਾਰ ਵਾਂਗ ਭੱਠੇ ਵੀ ਮਿਲੇ ਹਨ ਜੋ ਕਿ ਬਰਤਨ ਅਤੇ ਪੱਕੀ ਮਿੱਟੀ ਦੀਆਂ ਹੋਰ ਵਸਤਾਂ ਨੂੰ ਪਕਾਉਣ ਲਈ ਕੰਮ ਚ ਲਿਆਏ ਜਾਂਦੇ ਸੀ। ਮਿੱਟੀ ਦੇ ਬਣੇ ਕਈ ਤਰ੍ਹਾਂ ਦੇ ਬਰਤਨਾਂ ਦੇ ਇਲਾਵਾ ਕਈ ਤਰ੍ਹਾਂ ਦੇ ਕੀਮਤੀ ਪਥਰਾਂ ਦੇ ਮੋਤੀ, ਸੋਨੇ ਦੇ ਬੜੇ ਖੂਬਸੂਰਤ ਮੋਤੀ, ਭਾਰ ਤੋਲਣ ਦੇ ਵੱਟੇ, ਤਾਂਬੇ ਦੀਆਂ ਵਸਤਾਂ, ਹੱਡੀਆਂ ਦਾ ਸਮਾਨ ਅਤੇ ਹੋਰ ਕਈ ਤਰ੍ਹਾਂ ਦੀਆਂ ਚੀਜ਼ਾਂ ਖੁਦਾਈਆਂ ਚੋਂ ਮਿਲੀਆਂ ਹਨ।

ਇਵੇਂ ਜਾਪਦਾ ਹੈ ਕਿ ਇਸ ਥਾਂ ਤੇ ਕੁਮਹਾਰ ਦੀ ਕਾਰਜਸ਼ਾਲਾ ਵੀ ਰਹੀ ਸੀ ਕਿਉਂਕਿ ਇਸਦੇ ਅਵਸ਼ੇਸ਼ ਸ਼ੁਰੂ ਤੋਂ ਲੈ ਕੇ ਮੱਧ ਕਾਲ ਤੱਕ ਮਿਲਦੇ ਹਨ।[13]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਾਲ ਤੋਂ ਬਾਦ P.G.W. ਲੋਕਾਂ ਦਾ ਆਗਮਨ ਇਥੇ ਹੋਇਆ। ਇਸ ਕਾਲ ਦੇ ਲੋਕਾਂ ਦੇ ਮਕਾਨਾਂ ਦੇ ਅਵਸ਼ੇਸ਼ ਖੁਦਾਈ ਦੇ ਦੌਰਾਨ ਨਹੀਂ ਮਿਲੇ। ਇਸ ਤੋਂ ਬਾਦ ਸ਼ੁੰਗ ਕੁਸ਼ਾਨ, ਗੁਪਤਕਾਲ, ਅਤੇ ਮੁਸਲਮ ਕਾਲ ਦੇ ਅਵਸ਼ੇਸ਼ ਵੇਖਣ ਵਿਚ ਆਏ। ਕਈ ਤਰ੍ਹਾਂ ਦੀਆਂ ਵੱਖ ਵੱਖ ਕਾਲਾਂ ਦੀਆਂ ਮੁਦਰਾਵਾਂ ਅਤੇ ਅਨੇਕਾਂ ਸਿੱਕੇ ਖੁਦਾਈ ਦੇ ਦੌਰਾਨ ਮਿਲੇ ਹਨ।

ਇਸ ਥਾਂ ਦੀ ਖੁਦਾਈ ਦੇ ਦੌਰਾਨ ਹਾਲ ਚ ਹੀ ਇਕ ਕੁਸ਼ਾਨ-ਕਾਲੀਨ ਸਤੂਪ ਅਤੇ ਉਸਦੇ ਆਸਪਾਸ ਭਿਕਸ਼ੂਆਂ ਦੇ ਰਿਹਾਇਸ਼ੀ ਕਮਰੇ ਮਿਲੇ, ਜਿਸਦੇ ਕਾਰਣ ਇਸ ਥਾਂ ਦੀ ਮਹੱਤਤਾ ਬਹੁਤ ਹੀ ਵੱਧ ਜਾਂਦੀ ਹੈ। ਇਕ ਸਤੂਪ ਦੇ ਮੱਠ ਦਾ ਸਮੂਹ (Monastery Complex) ਵੀ ਮਿਲਿਆ ਹੈ। ਜਿਸ ਵਿਚੋਂ ਬੁੱਧ ਕਾਲੀਨ ਅਵਸ਼ੇਸ਼ ਮਿਲੇ ਹਨ। ਸਤੂਪ ਦਾ ਸਮਾਂ ਕਰੀਬ ਪਹਿਲੀ-ਦੂਜੀ ਸ਼ਤਾਬਦੀ ਤੱਕ ਦਾ ਕਿਹਾ ਜਾ ਸਕਦਾ ਹੈ। ਯੂਆਨ ਚਵਾਂਗ ਨੇ ਵੀ ਇਸ ਸਤੂਪ ਦੇ ਬਾਰੇ ਜ਼ਿਕਰ ਕੀਤਾ ਹੋਇਆ ਹੈ। ਤਕਸ਼ਸ਼ਿਲਾ (ਪਾਕਿਸਤਾਨ) ਦੇ ਸਤੂਪ ਤੋਂ ਬਾਦ ਇਹ ਦੂਜਾ ਸਤੂਪ ਹੈ ਜਿਸਦਾ ਪੰਜਾਬ ਵਿਚ ਇਨਾਂ ਚੰਗਾ ਪ੍ਰਮਾਣ ਮਿਲਿਆ ਹੈ।

ਕਈ ਪ੍ਰਕਾਰ ਦੀਆਂ ਮੁਦਰਾਵਾਂ ਅਤੇ ਸਿੱਕੇ ਆਦਿ ਵੀ ਖੁਦਾਈ ਚੋਂ ਪ੍ਰਾਪਤ ਹੋਏ ਹਨ। ਸਮੁਦਰਗੁਪਤ ਦਾ ਇਕ ਸੋਨੇ ਦਾ ਸਿੱਕਾ ਵੀ ਇਸ ਥਾਂ ਦੀ ਖੁਦਾਈ ਵਿਚੋਂ ਮਿਲਿਆ ਹੈ। ਹੂਣ ਰਾਜਿਆਂ ਦੇ ਅਵਸ਼ੇਸ਼ ਵੀ ਇਸ ਥਾਂ ਦੀ ਖੁਦਾਈ ਚੋਂ ਮਿਲੇ ਹਨ ਜਿਵੇਂ ਕਿ ਤੋਰਮਾਨ, ਮਿਹਿਰਕੁਲ, ਭੀਮਸੇਨ, ਸ਼੍ਰੀ ਬਲ ਆਦਿ। ਹੂਣ ਇਕ ਬੜੀ ਜ਼ਾਲਮ ਜਾਤੀ ਮੰਨੀ ਜਾਂਦੀ ਸੀ। ਬਾਦ ਵਿਚ ਇਨ੍ਹਾਂ ਨੇ ਇਸ ਥਾਂ ਦਾ ਖਾਤਮਾ ਕਰ ਦਿੱਤਾ।

ਹਾਲ ਵਿਚ ਪਿਛਲੇ ਸਾਲ ਖੁਦਾਈ ਦੇ ਦੌਰਾਨ ਹੋਈ ਉਪਲਬਧੀ ਨਾਲ ਇਸ ਥਾਂ ਦੀ ਮਹਤੱਤਾ ਸਾਰੇ ਸੰਸਾਰ ਵਿਚ ਹੋਰ ਵੱਧ ਗਈ ਹੈ। ਇਵੇਂ ਜਾਪਦਾ ਹੈ ਕਿ ਹਰ ਕਾਲ ਵਿਚ ਇਹ ਥਾਂ ਬਹੁਤ ਹੀ ਮਹਤੱਵਪੂਰਣ ਰਿਹਾ ਹੋਵੇ। ਇਸ ਹਾਲ ਵਿਚ ਹੋਈ ਸਨਸਨੀਖੇਜ਼ ਖੋਜ ਨੇ ਸਾਰੇ ਸੰਸਾਰ ਚ ਇਕ ਹਲਚਲ ਮਚਾ ਦਿੱਤੀ ਹੈ। ਪਹਿਲੀ ਮਈ 1985 ਨੂੰ ਅਚਾਣਕ ਖੁਦਾਈ ਦੇ ਦੌਰਾਨ ਇਕ ਲਾਲ ਰੰਗ ਦਾ ਪੱਥਰ ਵੇਖਿਆ ਗਿਆ। ਇਹ ਇਕ ਸੁੰਦਰ ਰੇਲਿੰਗ (Railing) ਸੀ। ਇਸਨੂੰ ਚੁਕਣ ਤੋਂ ਬਾਦ ਹੋਰ ਬੜੇ ਖੂਬਸੂਰਤ ਲਾਲ ਪੱਥਰ ਦੀਆਂ ਕੁਸ਼ਾਨ ਕਾਲੀਨ (1-2 ਜੀ ਸ਼ਤਾਬਦੀ) ਮੂਰਤੀਆਂ ਮਿਲੀਆਂ ਜੋ ਕਿ ਇਕ ਤੋਂ ਵੱਧ ਕੇ ਸਨ। ਇਵੇਂ ਜਾਪਦਾ ਸੀ ਕਿ ਲੜਾਈ ਦੇ ਦੌਰਾਨ ਦੁਸ਼ਮਨਾਂ ਕੋਲੋਂ ਬਚਾ ਕੇ ਇਹ ਮੂਰਤੀਆਂ ਹਿਫਾਜ਼ਤ ਨਾਲ ਇਕ ਥਾਂ ਤੇ ਰਖੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਈਆਂ ਹੋਣਗੀਆਂ। ਇਹ ਖੂਬਸੂਰਤ ਕਲਾਕ੍ਰਿਤੀਆਂ ਕਰੀਬ 2000 ਸਾਲਾਂ ਤੱਕ ਇਸੇ ਤਰ੍ਹਾਂ ਜ਼ਮੀਨ ਅੰਦਰ ਦਬੀਆਂ ਰਹੀਆਂ ਅਤੇ ਹੁਣ ਖੁਦਾਈ ਚੋਂ ਇਹ ਅਨਮੋਲ ਖਜ਼ਾਨਾ ਧਰਤੀ ਚੋਂ ਮਿਲਿਆ। ਇਨ੍ਹਾਂ ਕਲਾ ਕ੍ਰਿਤੀਆਂ ਚੋਂ ਕੁਝ ਮੁੱਖ ਚੋਣਵੀਆਂ ਕਲਾਕ੍ਰਿਤਿਆਂ ਦਾ ਸੰਖੇਪ ਵਿਚ ਵੇਰਵਾ ਇਸ ਤਰ੍ਹਾਂ ਹੈ :

1. ਅਸ਼ੋਕ ਵਰਿਖ (tree) ਨੂੰ ਠੋਕਰ ਮਾਰਦੀ ਹੋਈ ਇਕ ਇਸਤਰੀ।
2. ਅਸ਼ੋਕ ਦੋਹਦ।
3. ਸ਼ੀਸ਼ਾ ਵੇਖਦੇ ਹੋਏ ਇਕ ਯਕਸ਼ੀ।[14]
4. ਪੇੜ ਦੀ ਟਹਿਣੀ ਖਿਚਦੀ ਹੋਈ ਸ਼ਾਲਭੰਜਿਕਾ।
5. ਸੁਸਤਾਈ ਹੋਈ ਔਰਤ (Languorous lady)।
6 ਗਲੇ ਚ ਹਾਰ ਪਾਉਂਦੀ ਹੋਈ ਇਕ ਔਰਤ।
7. ਮਾਂ ਤੇ ਬੱਚਾ।
8. ਸ਼ਿੰਗਾਰਦਾਨੀ ਚੁੱਕੀ ਹੋਈ ਇਕ ਸੁੰਦਰੀ।
9. ਸੁਰਾਪਾਣ ਕਰਦੀ ਹੋਈ ਸੁੰਦਰੀ।[15]
10. ਕੇਸ਼ ਸੁਕਾਂਦੀ ਹੋਈ ਇਕ ਔਰਤ (Lady drying hair)।
11. ਉਪਾਸਕ (Devotee)।
12. ਮਾਂ ਤੇ ਬੱਚਾ ਖਡੌਣੇ ਨਾਲ ਖੇਡਦੇ ਹੋਏ।
13. ਸਤੂਪ ਅਤੇ ਸ਼ੇਰ ਵਾਲਾ ਸਤੰਭ।
14, ਰਾਜਸੀ ਉਪਾਸਕ।
15. ਨਰਤਕੀ।
16. ਕਮਲ ਦਾ ਫੁੱਲ ਪਕੜੀ ਹੋਈ ਯਕਸ਼ੀ।
17. ਉਪਾਸਿਕਾ (Lady Devotee)।
18. ਸਿੰਘਧਵੱਜ ਅਤੇ ਚੱਕਰਧਵਜ ਵਾਲਾ ਸਤੰਭ (pillar)।
19. ਔਰਤ ਬਾਂਸੁਰੀ ਵਜਾਂਦੇ ਹੋਏ।
20. ਨਾਗਪੁਸ਼ਪ (Honey Suckle)।
21. ਔਰਤ ਸੁਰਾਹੀ ਚੁੱਕੇ ਹੋਏ।
22. ਪੂਜਾ ਦੇ ਅਵਸ਼ੇਸ਼ਾਂ ਦੀ ਪਿਟਾਰੀ (Relic Casket)।
23. Cross Bars decorated with lotus medallions.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਉੱਪਰ ਲਿਖੀਆਂ ਕਲਾਕ੍ਰਿਤੀਆਂ ਦੇ ਇਲਾਵਾ ਹਰ ਵੀ ਅਣਕਾਂ ਅਜਿਹੀਆਂ ਮੂਰਤਾਂ (Sculptures) ਨੇ ਜਿਨ੍ਹਾਂ ਦਾ ਵੇਰਵਾ ਇਸ ਵੇਲੇ ਦੇਣਾ ਸੰਭਵ ਨਹੀਂ ਹੈ। ਇਨ੍ਹਾਂ ਪ੍ਰਾਚੀਨ ਕਲਾਕ੍ਰਿਤੀਆਂ ਤੋਂ ਇਹ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕੁਸ਼ਾਨ ਕਾਲ ਵਿਚ ਇਹ ਸਥਾਨ ਬਹੁਤ ਹੀ ਮੁਲਵਾਨ ਰਿਹਾ ਹੋਵੇਗਾ। ਇਹ ਸਾਰੀਆਂ ਕਲਾਕ੍ਰਿਤੀਆਂ ਮਥੁਰਾ School ਨਾਲ ਸੰਬੰਧਤ ਕਹੀਆਂ ਜਾ ਸਕਦੀਆਂ ਹਨ। ਹਾਲ ਚ ਖੁਦਾਈ ਦਾ ਕੰਮ ਚਲ ਰਿਹਾ ਹੈ ਜਿਸ ਵਿਚੋਂ ਇਕ ਸੋਨੇ ਦਾ ਸਿੱਕਾ, ਇਕ palacial structure, ਗੁਪਤ ਕਾਲ ਦ structure ਅਤੇ ਮੁਦਰਾਵਾਂ ਕਾਫੀ ਮਿਲੀਆਂ ਹਨ ਇਸਦੇ ਨਾਲ ਹੀ ਇਕ ਘੋੜੇ ਦੀ ਹਡੀਆਂ ਦੇ ਅਵਸ਼ੇਸ਼ ਅਤੇ ਧਾਰਮਕ ਅਵਸ਼ੇਸ਼ਾਂ ਦੇ ਮਿਲਣ ਨਾਲ ਹੀ ਇਸ ਥਾਂ ਦੀ ਮਹੱਤਾ ਬਹੁਤ ਵੱਧ ਗਈ ਹੈ। ਅਜੇ ਖੁਦਾਈ ਦਾ ਕੰਮ ਚਾਲੂ ਹੈ ਅਤੇ ਅਨੁਮਾਨ ਕਰਦੇ ਹਾਂ ਕਿ ਹੋਰ ਵੀ ਨਵੀਆਂ ਖੋਜਾਂ ਤੇ ਪ੍ਰਕਾਸ਼ ਪਵੇਗਾ।

ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਅਣਵੇਖਣ ਦਾ ਕੰਮ ਕੀਤਾ ਜਾ ਰਿਹਾ ਹੈ ਜਿਸਦੇ ਫਲ-ਸਰੂਪ ਹੜੱਪਾ ਸੱਭਤਾ ਨਾਲ ਸੰਬੰਧਤ 38 ਥਾਵਾਂ ਮਿਲੀਆਂ ਹਨ ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :

ਜ਼ਿਲਾ ਅੰਮ੍ਰਿਤਸਰ

1.	ਵਡਾਲਾ	31°49′—76°58′

ਜ਼ਿਲਾ ਕਪੂਰਥਲਾ

1.	ਭੱਟਨੂਰਾਂ ਕਲਾਂ	31°01′ – 75°31′
2.	ਦਮੇਲੀ	31°20′—75°40′

ਜ਼ਿਲਾ ਜਲੰਧਰ

1.	ਢੋਗਰੀ	31°23′—75°40′

ਜ਼ਿਲਾ ਰੋਪੜ

1.	ਕੋਟਲਾ ਨਿਹੰਗ ਖਾਂ	30°56′ – 76°32′
2.	ਕੋਟਲੀ	30°53′—76°29′
3.	ਰੋਪੜ	30°58′ -- 76°31′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿਲਾ ਪਟਿਆਲਾ

1.	ਧੱਨਤੇਰੀ	30°07′—76°19′
2.	ਘਿਉਰਾ	30°07′—76°16′
3.	ਨਾਗਵਾਂ	30°07′—76°23′
4.	ਸੱਸੀ	30°07′—76°20′

ਜਿਲਾ ਸੰਗਰੂਰ

1.	ਦੂਧੱਨ	30°31′—75°46′
2.	ਜੰਡਾਲੀ	30°37′—75°58′
3.	ਰੋਹੀੜਾ	30°38′—75°50′
4.	ਕਾਲੀਆਂ	30°35′—75°43′
5.	ਮਹੋਲੀ	30°38′—75°45′

ਜਿਲਾ ਲੁਧਿਆਣਾ

1.	ਕੰਗਨਵਾਲ	30°51′—75°56′
2.	ਮਲੰਗ	30°48′—76°45′
3.	ਸੰਘੋਲ	30°47′—76°24′
4.	ਤਲਵਾੜਾ	30°55′—75°44′

ਜਿਲਾ ਫਰੀਦਕੋਟ

1.	ਇਨ੍ਹੇ ਵਾਲਾ ਥੇਹ	30°33′—75°25′
2.	ਰਾਜਾ ਸਿਰਕੱਪ	30°39′—74°46′

ਜਿਲਾ ਫਿਰੋਜਪੁਰ

1.	ਅਰਨੀਵਾਲਾ ਥੇਹ	30°20′—75°25′

ਜਿਲਾ ਭਠਿੰਡਾ

1.	ਅਲੀ ਕੇ ਦਾ ਟਿੱਬਾ	30°22′—75°14′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2.	ਅਲੀਪੁਰ ਮੰਦਰਾਂ	29°50′—75°28′
3.	ਬਾਗਲੀਆਂ ਦਾ ਥੇਹ	29°56′—75°29′
4.	ਛੋਟੀ ਮਨਸਾ	29°59′—75°26′
5.	ਡੱਲੇਵਾਲਾ I	29°50′—76°25′
6.	ਡੱਲੇਵਾਲਾ II	29°50′—75°25′
7.	ਢਲੇਵਾਂ	30°02′—75°33′
8.	ਗੁਰਨੀਕਲਾਂ	29°59′—75°33′
9.	ਹਸੱਨਪੁਰ	29°59′—75°33′
10.	ਹਿਰਕੇ I	29°54′—79°22′
11.	ਕਰਮਪੁਰਾ	29°51—75°25′
12.	ਲਖਮੀਰਵਾਲਾ	29°59—75°22′
13.	ਲਾਲੀਆਂਵਾਲੀ	28°50′—75°21′
14.	ਲਾਲੂਵਾਲਾ	29°59′—75°27′
15.	ਨਾਈਵਾਲਾਥੇਹ	29°55′—75°30′

ਹੜੱਪਾ ਪਿਛੇਰੀ ਸੱਭਤਾ (Later Harappan Period 1700-1500 ਈ. ਪੂ.)

ਇਸ ਸੱਭਤਾ ਨੂੰ ਹੜੱਪਾ ਉੱਤਰ-ਕਾਲੀਨ ਜਾਂ ਹੜੱਪਾ ਪਿਛੇਰੀ ਸੱਭਤਾ ਵੀ ਕਿਹਾ ਜਾਂਦਾ ਹੈ। ਜਿਵੇਂ ਕਿ ਉਪੱਰ ਕਿਹਾ ਜਾ ਚੁਕਿਆ ਹੈ ਕਿ ਪਰਿਪੱਕ ਹੜੱਪਾ ਸੱਭਤਾ (Mature Harappan Period) ਵਿਸ਼ਾਲ ਇਲਾਕੇ ਵਿਚ 2300 ਤੋਂ ਲੈਕੇ 1700 ਦੇ ਵਿਚ ਫੱਲੀ ਫੂਲੀ। ਇਵੇਂ ਜਾਪਦਾ ਹੈ ਕਿ ਸਮੇਂ ਦੇ ਬਦਲਾਵ, ਫੈਲਾਵ ਅਤੇ ਆਬਾਦੀ ਚ ਵਾਧਾ ਹੋਣ ਕਾਰਣ ਅਤੇ ਦੂਜੀਆਂ ਸਮਕਾਲੀਨ ਸਭਤਾਵਾਂ ਦੇ ਮੇਲ ਜੋਲ ਕਾਰਣ ਹੜੱਪਾ ਸੱਭਤਾ ਦੀ ਮੂਲ ਆਕ੍ਰਿਤੀ ਚ ਬਦਲਾਵ ਹੋਣਾ ਸ਼ੁਰੂ ਹੋ ਗਿਆ. ਇਹ ਬਦਲਾਵ ਖੁਦਾਈਆਂ ਅਤੇ ਸਰਵੇਖਣ ਦੇ ਦੌਰਾਨ ਉਨ੍ਹਾਂ ਚੋਂ ਮਿਲਿਆਂ ਅਵਸ਼ੇਸ਼ਾਂ ਰਾਹੀਂ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ ਜਿਵੇਂ ਕਿ ਨਗਰੀਕਰਣ ? ਇਸ ਕਾਜ ਚ ਵੱਡੇ ਵੱਡੇ ਨਗਰਾਂ ਦੀ ਥਾਂ ਤੇ ਪਿੰਡਾਂ ਦਾ ਜੀਵਨ ਸਹਿਜੇ ਵੇਖਣ ਚ ਆਉਂਦਾ ਹੈ। ਕੁਝ ਵਿਦਵਾਨਾਂ ਦਾ ਕਹਿਨਾ ਹੈ ਕਿ ਇਹ ਸਮਾਂ ਹੜੱਪਾ ਸੱਭਤਾ ਦੇ ਪਤਨ ਦਾ ਕਾਲ ਸੀ। ਇਸ ਸੱਭਤਾ ਦੇ ਪਤਨ ਦੇ ਲਕਸ਼ਣ (Symbols) ਪੰਜਾਬ, ਹਰਿਆਣਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਜਰਾਤ ਅਤੇ ਸਿੰਧ ਵਿਚ ਵੀ ਵੇਖੇ ਜਾ ਸਕਦੇ ਹਨ। ਜਿਥੋਂ ਤੱਕ ਪੰਜਾਬ ਅਤੇ ਹਰਿਆਣਾ ਦਾ ਸੰਬੰਧ ਹੈ ਇਸ ਡਿਗਦੀ ਹੋਈ ਸੱਭਤਾ ਦੇ ਅਵਸ਼ੇਸ਼ਾਂ ਦਾ ਪ੍ਰਮਾਣ ਦੌਲਤਪੁਰ, ਭਗਵਾਨਪੁਰ, ਦਧੇਰੀ, ਬਾੜਾ, ਕੋਟਲਾ ਨਿਹੰਗ, ਕਠਪਾਲੋਂ ਨਗਰ ਅਤੇ ਸੰਘੋਲ ਦੀਆਂ ਖੁਦਾਈਆਂ ਰਾਹੀਂ ਲਗਾਇਆ ਜਾ ਸਕਦਾ ਹੈ। ਹਾਲ ਵਿਚ ਹੋਏ ਸਰਵੇਖਣ ਦੇ ਦੌਰਾਨ ਕਰੀਬ 132 ਥਾਵਾਂ ਇਸ ਸੱਭਤਾ ਨਾਲ ਸੰਬੰਧਤ ਪੰਜਾਬ ਚੋਂ ਪ੍ਰਾਪਤ ਹੋਈਆਂ ਨੇ। ਸਿਰਫ ਭਠਿੰਡੇ ਜਿਲੇ ਦੀ ਮਾਨਸਾ ਤਹਸੀਲ ਵਿਚ ਹੀ 21 ਦੇ ਲਗਭਗ ਇਸ ਸੱਭਤਾ ਨਾਲ ਸੰਬੰਧਤ ਥਾਵਾਂ ਅਣਵੇਖਣ ਦੇ ਦੌਰਾਨ ਮਿਲੀਆਂ ਹਨ। ਇਵੇਂ ਜਾਪਦਾ ਹੈ ਕਿ ਸਰਹੰਦ ਨਾਲਾ, ਜੋ ਕਿ ਘੱਗਰ ਨਦੀ ਦਾ ਇਕ ਹਿੱਸਾ ਹੈ, ਰਾਜਸਥਾਨ ਅਤੇ ਪੰਜਾਬ ਦੀ ਕੜੀ ਜੋੜਨ ਵਿਚ ਬੜਾ ਸਹਾਇਕ ਰਿਹਾ ਹੈ ਕਿਉਂਕਿ ਇਸੇ ਨਾਲੇ (tributary) ਦੇ ਕੰਢਿਆਂ ਤੇ ਪ੍ਰਾਕ ਹੜੱਪਾ, ਹੜੱਪਾ ਅਤੇ ਹੜੱਪਾ ਉੱਤਰ ਸੱਭਤਾ ਦੀਆਂ ਲੜੀਵਾਰ ਥਾਵਾਂ ਮਿਲੀਆਂ ਹਨ ਜਿਨ੍ਹਾਂ ਦਾ ਜਿਕਰ ਪਹਿਲੇ ਹੀ ਪ੍ਰਾਕ ਹੜੱਪਾ ਸੱਭਤਾ ਚ ਕੀਤਾ ਜਾ ਚੁਕਿਆ ਹੈ। ਇਵੇਂ ਅਨੁਮਾਨਤ ਹੁੰਦਾ ਹੈ ਕਿ ਇਹ ਉਪੱਰ ਲਿਖੀਆਂ ਹੋਈਆਂ ਨਦੀਆਂ ਅਤੇ ਨਾਲੇ ਕੱਚਾ ਮਾਲ ਲਿਆਉਣ ਅਤੇ ਲੈ ਜਾਣ ਦਾ ਸਾਧਨ ਅਤੇ ਸਰੋਤ ਰਹੇ ਹੋਣਗੇ ਖਾਸਕਰ ਲਕੜੀ ਆਦਿ। ਇਵੇਂ ਜਾਪਦਾ ਹੈ ਕਿ ਇਸ ਕਾਲ ਵਿਚ ਨਾਲੇ ਅਤੇ ਨਦੀਆਂ ਕਾਫੀ ਹਲਚਲ ਵਾਲੀਆਂ ਰਹੀਆਂ ਹੋਣਗੀਆਂ।

ਅਣਵੇਖ਼ਣ ਦੇ ਦੌਰਾਨ ਇਕ ਗੱਲ ਹੋਰ ਵੇਖਣ ਚ ਆਈ ਹੈ ਕਿ ਪ੍ਰਾਕ ਹੜੱਪਾ ਅਤੇ ਹੜੱਪਾ ਸੱਭਤਾ ਵੇਲੇ ਲੋਕ ਨਦੀਆਂ ਜਾਂ ਨਾਲਿਆਂ ਦੇ ਪੂਰਵ ਵਾਲੇ ਪਾਸੇ ਅਪਣੀ ਵਸਾਸਤ ਰਖਦੇ ਸਨ ਜਿਸਦਾ ਕਾਰਣ ਸੀ ਕਿ ਵੱਡੇ ਵੱਡੇ ਦਰਿਆਵਾਂ ਦੇ ਦੂਜੇ ਕੰਢਿਆਂ ਤੇ ਬਾੜ੍ਹ (Floods) ਬਹੁਤ ਜਲਦੀ ਜਲਦੀ ਆ ਜਾਂਦੀ ਸੀ ਅਤੇ ਦੂਸਰੀ ਗੱਲ ਇਹ ਵੇਖਣ ਵਿਚ ਆਈ ਹੈ ਕਿ ਹੜੱਪਾ ਉੱਤਰ ਕਾਲ ਦੇ ਲੋਕ ਨਦੀਆਂ ਤੇ ਪੱਛਮੀ ਕੰਢਿਆਂ ਵੱਲ ਅਪਣੀ ਵਸਾਸਤ ਰਖਦੇ ਸੀ ਜਿਸ ਪਾਸੇ ਬਾੜ੍ਹ ਜਿਆਦਾ ਆਉਂਦੀ ਸੀ। ਇਸਦਾ ਕੀ ਕਾਰਣ ਰਿਹਾ ਹੋਵੇਗਾ ਅਜੇ ਕਹਿਣਾ ਸੰਭਵ ਨਹੀਂ ਵਰਤਮਾਨ ਸਮੇਂ ਵਿਚ ਵੀ ਵੱਡੇ ਸ਼ਹਿਰ ਜਮਨਾ ਨਦੀ ਦੇ ਦਖਣੀ ਪਾਸੇ ਵੱਲ ਜਿਥੇ ਕਿ ਹੜ੍ਹਾਂ ਦੇ ਘੱਟ ਆਉਣ ਦਾ ਖਤਰਾ ਰਹਿੰਦਾ ਹੈ, ਵਲ ਬਣੇ ਹੋਏ ਵੇਖੇ ਜਾ ਸਕਦੇ ਹਨ। ਖਾਸ ਕਰ ਪੰਜਾਬ ਦਾ ਖੇਤੱਰ ਪ੍ਰਾਕ ਹੜੱਪਾ ਅਤੇ ਉੱਤਰ ਹੜੱਪਾ ਸੱਭਤਾ ਦੀਆਂ ਵਸਾਸਤਾਂ ਅਤੇ ਨਗਰੀਕਰਣ ਆਦਿ ਦੇ ਦਸਣ ਵਿਚ ਸਹਾਇਕ ਹੋਣ ਕਾਰਣ ਕਾਫੀ ਮਹਤੱਵਪੂਰਣ ਸਥਾਨ ਰਖਦਾ ਹੈ। ਇਵੇਂ ਜਾਪਦਾ ਹੈ ਕਿ ਇਹ ਸਰਹੰਦ ਨਾਲਾ 'ਆਰਥਕ ਇਕਾਈ' (Economic Pocket) ਦਾ ਖੇਤੱਰ ਰਿਹਾ ਸੀ ਜੋ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਤਰੀ ਖੇਤਰ ਦੇ ਨੀਵੇਂ ਹਿਮਾਲੇ ਚ ਬਹਾਵਲਪੁਰ (ਪਾਕਿਸਤਾਨ) ਰਾਹੀਂ ਕਾਲੀਬੰਗਾ (ਰਾਜਸਥਾਨ) ਅਤੇ ਪੰਜਾਬ ਹਰਿਆਣਾ ਦੀਆਂ ਇਸ ਸੱਭਤਾ ਨਾਲ ਸੰਬੰਧਤ ਥਾਵਾਂ ਤੇ ਸਮਾਨ ਦੇ ਢੋਆ-ਢੁਆਈ ਦਾ ਸਰੋਤ ਰਿਹਾ ਹੋਵੇਗਾ।

ਇਵੇਂ ਜਾਪਦਾ ਹੈ ਕਿ ਆਰਥਕ ਕਮਜ਼ੋਰੀ ਦੀ ਵਜ਼ੁ ਨਾਲ ਅਤੇ ਅਬਾਦੀ ਦੀ ਕਮੀ ਹੋਣ ਕਾਰਣ ਇਸ ਸੱਭਤਾ ਦੇ ਲੋਕ ਅਪਣੇ ਬਚਾਉ ਲਈ ਜ਼ਿਆਦਾ ਸਾਧਨ ਨਹੀਂ ਜੁਟਾ ਸਕਦੇ ਸੀ ਜਿਵੇਂ ਕਿ ਹੜੱਪਾ ਸੱਭਤਾ ਦੇ ਲੋਕ ਉਚੇ ਥਾਂ ਬਣਾ ਕੇ ਵਸਾਸਤ ਬਣਾਉਂਦੇ ਸੀ ਉਸ ਤਰ੍ਹਾਂ ਇਹ ਲੋਕ ਨਹੀਂ ਬਣਾ ਸਕਦੇ ਸੀ। ਅਤੇ ਇਸ ਕਾਲ ਦੇ ਲੋਕ ਉਚਾਵ ਵਾਲੇ ਪਾਸੇ ਨਾਲਿਆਂ ਦੇ ਕੰਢਿਆਂ ਤੇ ਰਹਿਣ ਲਗ ਪਏ। ਇਹ ਸੱਭ ਤਰਤੀਬਵਾਰ ਅਣਵੇਖਣ ਦੇ ਦੋਰਾਣ ਵੇਖਣ ਚ ਆਇਆ ਹੈ। ਇਸ ਗੱਲ ਦੇ ਪ੍ਰਮਾਣ ਪੱਛਮੀ ਉਤਰ ਪ੍ਰਦੇਸ਼ ਵਿਚ ਵੀ ਮਿਲੇ ਹਨ।

ਅਣਵੇਖਣ ਦੇ ਦੌਰਾਨ ਹੀ ਇਸ ਸੱਭਤਾ ਦੀਆਂ ਜਿਆਦਾ ਥਾਵਾਂ ਮਿਲਣ ਕਾਰਣ ਇਹ ਅਨੁਮਾਨਤ ਹੁੰਦਾ ਹੈ ਕਿ ਇਸ ਸੱਭਤਾ ਦੇ ਲੋਕ ਉੱਤਰੀ ਪਾਸੇ ਵੱਲ ਜਿਆਦਾ ਵਧਦੇ ਰਹੇ।

ਹੜੱਪਾ ਉਤਰ ਕਾਲ ਦੀ ਸਭੱਤਾ ਵੇਲੇ ਜੋ ਕੁਝ ਬਦਲਾਵ ਆਏ ਉਨ੍ਹਾਂ ਚੋਂ ਕੁਝ ਹੇਠ ਲਿਖੇ ਇਸ ਤਰ੍ਹਾਂ ਹਨ।

ਹੜੱਪਾ ਸੱਭਤਾ ਦੀ ਤਰ੍ਹਾਂ ਸਿਲਸਲੇਵਾਰ ਨਗਰੀਕਰਣ ਦਾ ਖਾਤਮਾ ਹੋ ਗਿਆ ਸੀ। ਪੱਕੀ ਇਟਾਂ ਦੇ ਬਜਾਏ ਕੱਚੀ ਮਿੱਟੀ ਅਤੇ ਕੱਚੀਆਂ ਇਟਾਂ ਦੇ ਮਕਾਨ ਬਣਨੇ ਸ਼ੁਰੂ ਹੋ ਗਏ ਸੀ ਜਿਨ੍ਹਾਂ ਦਾ ਕੋਈ ਪ੍ਰਮਾਣ ਨਹੀਂ ਸੀ।

ਬਰਤਨਾਂ ਦੇ ਅਕਾਰ ਅਤੇ ਡਿਜ਼ਾਇਨਾਂ ਚ ਕਾਫੀ ਫਰਕ ਆ ਗਿਆ ਸੀ। ਹੜੱਪਾ ਸੱਭਤਾ ਵੇਲੇ ਬਣੇ ਬਰਤਨਾਂ ਦੀ ਤਰ੍ਹਾਂ ਇਸ ਕਾਲ ਵਿਚ ਹੁਣ ਇਨੇ ਵਧੀਆ ਨਹੀਂ ਸੀ ਬਣਦੇ ਹਾਲਾਂਕਿ ਉਨ੍ਹਾਂ ਚੋਂ ਕੁਝ ਡਿਜਾਇਨ ਪਹਿਲੇ ਦੀ ਤਰ੍ਹਾਂ ਜਾਰੀ ਸਨ ਪਰ ਉਨ੍ਹਾਂ ਚੋਂ ਬਹੁਤੀਆਂ ਉਸ ਕਾਲ ਦੀਆਂ ਆਕਾਰਾਂ ਦਾ ਲੋਪ ਹੋ ਚੁਕਾ ਸੀ ਜਿਵੇਂ ਕਿ ਗਿਲਾਸ, ਇਕ ਖਾਸ ਤਰ੍ਹਾਂ ਦੇ ਪਿਆਲੇ, ਛੇਕਾਂ ਵਾਲੇ ਬਰਤਨ ਆਦਿ।

ਇਨ੍ਹਾਂ ਦੇ ਇਲਾਵਾ ਮਿੱਟੀ ਦੀਆਂ ਚਾਕਾਂ ਦਾ ਵੀ ਲੋਪ ਹੋ ਜਾਂਦਾ ਹੈ, ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਸ ਤਰ੍ਹਾਂ ਦੇ ਮੋਤੀ, ਚਾਕੂ, ਭਾਰ ਤੋਲਣ ਦੇ ਵੱਟੇ ਅਤੇ ਮੁਹਰਾਂ ਜੋ ਸੱਭ ਹੜਪਾ ਸੱਭਤਾ ਦੀ ਪਛਾਣ ਸੀ । ਕਿਤੇ ਕਿਤੇ graffitti ਮਿਲ ਜਾਂਦੀ ਹੈ ।

ਹੜੱਪਾ ਸੱਭਤਾ ਦੀ ਤਰ੍ਹਾਂ ਮੁਰਦੇ ਵੀ ਹੋਰ ਅਵਸ਼ੇਸ਼ਾਂ ਦੇ ਨਾਲ ਨਹੀਂ ਮਿਲਦੇ । ਧਾਤ ਚ ਕੇਵਲ ਤਾਂਬੇ ਦੀ ਹੀ ਵਰਤੋਂ ਹੁੰਦੀ ਸੀ । ਇਨ੍ਹਾਂ ਸਾਰਿਆਂ ਪਰਮਾਣਾਂ ਦੇ ਅਧਾਰ ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਇਸ ਕਾਲ ਦੇ ਲੋਕਾਂ ਦਾ ਰਹਿਨ ਸਹਿਨ ਹੜੱਪਾ ਸਭੱਤਾ ਤੋਂ ਕਾਫੀ ਵਖ ਸੀ ।

ਕੁਝ ਸਾਲ ਪਹਿਲਾਂ ਪਾਕਿਸਤਾਨ ਪੁਰਾਤਤਵ ਵਿਭਾਗ ਨੇ ਵੀ ਚੋਲੀਸਤਾਨ ਖੇਤਰ (Cholistan Desert) ਜਿਸਨੂੰ ਕਿ ਬਹਾਵਲਪੁਰ ਸਟੇਟ ਕਿਹਾ ਜਾਂਦਾ ਸੀ, ਵਿਚ ਸਿਲਸਿਲੇਵਾਰ ਅਣਵੇਖਣ ਦਾ ਕੰਮ ਸ਼ੁਰੂ ਕੀਤਾ । ਇਸ ਚੋਲੀਸਤਾਨ ਨੂੰ ਹਾਕੜਾ ਨਦੀ ਰਾਹੀਂ ਪਾਣੀ ਪ੍ਰਾਪਤ ਹੁੰਦਾ ਸੀ ਜਿਸਨੂੰ ਕਿ ਭਾਰਤ ਵਿਚ ਘੱਗਰ ਨਦੀ ਨਾਮ ਨਾਲ ਜਾਣਿਆ ਜਾਂਦਾ ਹੈ । ਕਰੀਬ 300 ਕਿ. ਮੀ. ਦੇ ਖੇਤੱਰ ਚ ਹਾਕੜਾ ਨਦੀ ਦੇ ਕੰਢੇ ਕੰਢੇ ਸਰਵੇਖਣ ਕਰਦੇ ਹੋਏ ਕਰੀਬ 414 ਥਾਵਾਂ ਪ੍ਰਾਪਤ ਹੋਈਆਂ ਜੋ ਕਿ 4000 ਈ. ਪੂ. ਤੋਂ ਲੈ ਕੇ ਮੁਸਲਮ ਕਾਲ ਤੱਕ ਮਿਲੀਆਂ, ਜਿਨ੍ਹਾਂ ਚੋਂ ਲਗਭਗ 50 ਥਾਵਾਂ ਹੜੱਪਾ ਉੱਤੱਰ ਕਾਲ ਦੀ ਸੱਭਤਾ ਨਾਲ ਸੰਬੰਧਤ ਹਨ । ਇਨ੍ਹਾਂ ਥਾਵਾਂ ਤੋਂ ਮਿਲੇ ਅਵਸ਼ੇਸ਼ਾਂ ਦੇ ਅਧਾਰ ਤੇ ਇਥੇ ਵੀ ਇਹ ਕਿਹਾ ਜਾ ਸਕਦਾ ਹੈ ਕਿ ਆਰਥਕ ਕਮਜੋਰੀ, ਅਬਾਦੀ ਚ ਕਮੀ, ਬਾਹਰੀ ਹਮਲਾਵਰ ਜਾਂ ਹੋਰ ਕਈ ਕਾਰਣਾਂ ਦੀ ਵਜਹ ਨਾਲ ਇਸ ਸੱਭਤਾ ਦਾ ਸ਼ਾਇਦ ਪਤਨ ਹੁੰਦਾ ਗਿਆ ।

ਇਹ ਵੇਖਣ ਵਿਚ ਆਇਆ ਹੈ ਕਿ ਹਾਕੜਾ ਦੇ ਕੰਢੇ ਤੇ ਇਸ ਸੱਭਤਾ ਨਾਲ ਸੰਬੰਧਤ ਥੇਹ ਉਚੀਆਂ ਥਾਵਾਂ ਤੇ ਹੁਦੇ ਸਨ ਇਸਦੇ ਇਲਾਵਾ ਡੇਰਾਵਾਰ ਦੇ ਆਸਪਾਸ ਦੇ ਖੇਤਰ ਅਤੇ ਸੀਸਤਾਨ (Seistan) ਦੇ ਕੋਲ ਇਹ ਸਾਰੀਆਂ ਥਾਵਾਂ ਹੜੱਪਾ ਸੱਭਤਾ ਦੀਆਂ ਥਾਵਾਂ ਦੇ ਨਾਲ ਨਾਲ ਹੀ ਮਿਲੀਆਂ ਹਨ । ਪਾਕਿਸਤਾਨ ਪੁਰਾਤਾਤੱਵਕ ਪ੍ਰਮਾਣਾ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਹਾਕੜਾ ਨਦੀ ਪ੍ਰਾਚੀਨ ਕਾਲ (ਪ੍ਰਾਕ ਹੜੱਪਾ ਕਾਲ ਵਿਚ) ਬਾਰਾਮਾਸੀ ਨਦੀ ਸੀ । ਹਾਲ ਵਿਚ ਹੋਏ ਅਣਵੇਖਣ ਦੇ ਦੋਰਾਨ ਸ੍ਰੀ ਜਗਤਪਤੀ ਜੋਸ਼ੀ ਨੇ ਭਾਰਤ ਅਤੇ ਪਾਕਿਸਤਾਨ ਚ ਹੋਏ ਅਣਵੇਖਣ ਦੇ ਦੁਵਾਰਾ ਇਹ ਕਿਹਾ ਹੈ ਕਿ ਇਹ ਸਾਰੇ ਪ੍ਰਮਾਣਾਂ ਦੇ ਅਧਾਰ ਤੇ ਇਸ ਕਾਲ ਹੜੱਧਾ ਸੱਭਤਾ ਨੂੰ ਸਰਸਵਤੀ-ਹਾਕੜਾ ਸੱਭਤਾ ਵੀ ਕਿਹਾ ਜਾ ਸਕਦਾ ਹੈ । ਹੜੱਪਾ ਪਿਛੇਰੀ ਸੱਭਤਾ ਨਾਲ ਸੰਬੰਧਤ ਥਾਵਾਂ ਖੁਦਾਈਆਂ ਅਤੇ ਅਣਵੇਖਣ ਦੇ ਫਲਸਰੂਪ ਕਾਫੀ ਮਿਲੀਆਂ ਹਨ ਜਿਨ੍ਹਾਂ ਵਿਚੋਂ ਖੁਦਾਈ ਚੋਂ ਮਿਲੀਆਂ ਹੇਠ ਲਿਖੀਆਂ ਕੁਝ ਥਾਵਾਂ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਟਲਾ ਨਿਹੰਗ ਖਾਂ : –ਇਹ ਥਾਂ ਮਸ਼ਹੂਰ ਵਿਦਵਾਨ ਏਮ. ਏਮ. ਵਤਸ ਦੀ 1925 ਦੇ ਦੌਰਾਨ ਦੀ ਖੋਜ ਸੀ ਜੋ ਕਿ ਰੋਪੜ ਤੋਂ ਕਰੀਬ 3 ਕਿ. ਮੀ. ਦਖੱਣ-ਪੂਰਬ ਵੱਲ ਸਥਿਤ ਹੈ । ਇਥੇ ਖੁਦਾਈ ਦੇ ਦੌਰਾਨ ਹੜਪਾ ਸੱਭਤਾ ਦੇ ਅਵਸ਼ੇਸ਼ਾਂ ਦੇ ਨਾਲ ਨਾਲ ਹੜੱਪਾ ਪਿਛੇਰੀ ਸੱਭਤਾ ਦੇ ਅਵਸ਼ੇਸ਼ ਵੀ ਮਿਲੇ । ਹੜਪਾ ਸੱਭਤਾ ਦੇ ਅਵਸ਼ੇਸ਼ਾਂ ਚੋਂ ਮਕਾਨਾਂ ਦੀਆਂ ਇਟਾਂ, ਭਾਰ ਤੋਲਨ ਦੇ ਵੱਟੇ, ਉਚੀ ਪੈਂਦੇ ਵਾਲੀਆਂ ਥਾਲੀਆਂ (Dish-on-Stand) ਪੜੋਪੀਆ (goblef) ਆਦਿ ਮੁੱਖ ਹਨ ।

ਢੇਰ ਮਾਜਰਾ :—ਜਿਲਾ ਰੋਪੜ ਵਿਚ ਸਥਿਤ ਹੈ । ਜਿਸ ਥਾਂ ਤੇ ਖੁਦਾਈ ਕੀਤੀ ਗਈ ਉਸ ਥਾਂ ਦੀ ਉਚਾਈ 11.25 ਮੀ. ਅਤੇ ਲੰਬਾਈ 106×68 ਮੀ. ਸੀ । ਇਸ ਥਾਂ ਦੀ ਖੁਦਾਈ ਦੀ ਸਮਾਨਤਾ ਪਰੂਫਰ ਨੇ ਹੜੱਪਾ ਸੱਭਤਾ ਨਾਲ ਕੀਤੀ । ਬਰਤਨ ਜੋ ਕਿ ਖੁਦਾਈ ਵਿਚੋਂ ਪ੍ਰਾਪਤ ਹੋਏ ਸਨ ਖਾਸ ਹੜਪਾ ਸੱਭਤਾ ਦੇ ਸੀ ਜਿਨ੍ਹਾਂ ਤੇ ਪਿਪੱਲ ਦਾ ਪੱਤਾ ਮਛਲੀ, ਆਦਿ ਦੇ ਨਮੂਨੇ ਚਿਤਰਿਤ ਸਨ । ਇਨ੍ਹਾਂ ਦੇ ਇਲਾਵਾ ਤਾਂਬੇ ਦੇ ਟੁਕੜੇ, ਚੂੜੀਆਂ, ਮੋਤੀ, ਬੈਲ ਗੱਡੀ ਦੇ ਪਹੀਏ, ਮਿੱਟੀ ਦੇ ਖਡੌਣੇ, ਸਿਲ ਵੱਟੇ, ਭਾਰ ਤੋਲਣ ਵਾਲੇ ਵੱਟੇ ਅਤੇ ਲੇਖਨੀਆਂ ਵੀ ਖੁਦਾਈ ਵਿਚੋਂ ਪ੍ਰਾਪਤ ਹੋਈਆਂ ਸਨ । ਇਨ੍ਹਾਂ ਦੇ ਇਲਾਵਾ ਹੱੜਪਾ ਪਿਛੇਰੀ ਸੱਭਤਾ ਦੀਆਂ ਇਟਾਂ ਅਤੇ ਮਿੱਟੀ ਦੇ ਬਰਤਨ ਵੀ ਵੇਖਣ ਵਿਚ ਆਏ ਜਿਨ੍ਹਾਂ ਰਾਹੀਂ ਇਸ ਥਾਂ ਨੂੰ ਵੀ ਹੱੜਪਾ ਉੱਤਰ ਕਾਲੀਨ ਸੱਭਤਾ ਨਾਲ ਜੋੜਿਆ ਜਾ ਸਕਦਾ ਹੈ ।

ਬਾੜਾ :—ਰੋਪੜ ਤੋਂ 8 ਕਿ. ਮੀ. ਦੂਰ ਦਖਣ ਵਲ ਸਥਿਤ ਹੈ । ਇਸ ਥਾਂ ਦੀ ਖੁਦਾਈ ਡਾ. ਵਾਈ. ਡੀ. ਸ਼ਰਮਾ ਨੇ ਅਪਨੀ ਨਿਗਰਾਨੀ ਵਿਚ ਕਰਾਈ । ਖੁਦਾਈ ਦੇ ਦੌਰਾਨ ਖੋਦਕ ਨੇ ਪ੍ਰਮਾਣਾਂ ਦੇ ਅਧਾਰ ਤੇ ਇਹ ਅਨੁਮਾਨ ਲਗਾਇਆ ਕਿ ਜਦੋਂ ਪ੍ਰਾਚੀਨ ਕਾਲ ਵਿਚ ਰੋਪੜ ਬਰਬਾਦ ਹੋਇਆ ਤੇ ਬਾੜਾ ਦੇ ਲੋਕ ਤੱਦ ਤੱਕ ਵੀ ਉਥੇ ਵਸਦੇ ਰਹੇ । ਹੜੱਪਾ ਪਿਛੇਰੀ ਸੱਭਤਾ ਦੇ ਲੋਕਾਂ ਦੀ ਵਸਾਸਤ ਵੀ ਉਥੇ ਰਹੀ । ਖੁਦਾਈ ਵਿਚੋਂ ਮਿਲੇ ਰੇਡੀਉ ਕਾਰਬਨ ਡੇਟਿੰਗ (C-14) ਦੇ ਅਧਾਰ ਤੇ ਇਸ ਥਾਂ ਦੀ ਪ੍ਰਾਚੀਨ ਤਿਥੀ 1900 ਈ. ਪੂ. ਅਤੇ 1645+90 ਈ. ਪੂ. ਤੱਕ ਜਾਂਦੀ ਹੈ ।

ਦਧੇਰੀ :—ਜਿਲਾ ਲੁਧਿਆਨਾ ਦੀ ਗੋਬਿੰਦਗੜ੍ਹ ਤਹਸੀਲ ਵਿਚ ਗੋਬਿੰਦਗੜ੍ਹ ਤੋਂ 5 ਕਿ. ਮੀ. ਦੀ ਦੂਰੀ ਤੇ ਸਥਿਤ ਹੈ । ਇਸ ਥਾਂ ਦੀ ਖੁਦਾਈ ਭਾਰਤੀ ਪੁਰਾਤੱਤਵ ਸਰਵੇਖਣ ਦੀ ਖੋਜੀ ਟੀਮ ਦਵਾਰਾ 1976-77 ਵਿਚ ਕੀਤੀ ਗਈ । ਖੁਦਾਈ ਦੇ ਫਲਸਰੂਪ ਸੱਭ ਤੋਂ ਪਹਿਲਾਂ ਹੜੱਪਾ-ਉੱਤਰ ਸੱਭਤਾ ਦੇ ਅਵਸ਼ੇਸ਼ ਮਿਲੇ ਜਿਨ੍ਹਾਂ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਾਲ ਦੇ ਖਾਸ ਤਰ੍ਹਾਂ ਦੇ ਮਿੱਟੀ ਦੇ ਬਰਤਨ, ਮਿੱਟੀ ਦੇ ਖਡੌਣੇ ਚੂੜੀਆਂ, ਮੋਤੀ, ਧਾਤ ਦੀਆਂ ਵਸਤਾਂ, ਅਨਾਜ ਰਖੱਣ ਲਈ ਕੋਠੜੀਆਂ ਆਦਿ ਮਿਲੇ ਹਨ। ਇਸ ਕਾਲ ਵਿਚੋਂ ਕੱਚੀ ਮਿੱਟੀ ਦੇ ਮਕਾਨਾਂ ਅਤੇ ਝੌਂਪੜੀਆਂ ਦੇ ਅਵਸ਼ੇਸ਼ ਵੀ ਮਿਲੇ ਹਨ।

ਇਸ ਸੱਭਤਾ ਦੇ ਇਲਾਵਾ ਕੁਸ਼ਾਨ ਕਾਲ ਅਤੇ ਸਲੇਟੀ ਪਾਤਰ ਸੱਭਤਾ ਦੇ ਅਵਸ਼ੇਸ਼ ਵੀ ਮਿਲੇ ਹਨ ਜਿਨ੍ਹਾਂ ਚ ਮਕਾਨਾਂ ਦੇ ਅਵਸ਼ੇਸ਼ ਦੀਵਾਰਾਂ, ਚੁਲ੍ਹੇ ਅਤੇ ਹੋਰ ਰੋਜ਼ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਵੀ ਮਿਲੀਆਂ ਹਨ। ਇਸ ਥਾਂ ਦੀ ਮਹਤੱਤਾ ਕੁੱਝ ਹੋਰ ਵੱਧ ਜਾਂਦੀ ਹੈ ਕਿਉਂਕਿ ਇਥੋਂ ਖੁਦਾਈ ਵਿਚੋਂ ਹੜੱਪਾ ਸੱਭਤਾ ਅਤੇ ਸਲੇਟੀ ਪਾਤਰ ਸੱਭਤਾ ਦੇ ਅਵਸ਼ੇਸ਼ ਨਾਲ ਨਾਲ ਵੀ ਮਿਲੇ ਜਿਸ ਵਿਚੋਂ ਇਹ ਪ੍ਰਮਾਣਤ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਕਾਲਾਂ ਦੇ ਲੋਕਾਂ ਦੀ ਵਸਾਸਤ ਨਾਲ ਨਾਲ ਵੀ ਰਹੀ ਸੀ।

ਨਗਰ :—ਜਿਲਾ ਜਲੰਧਰ ਦੀ ਫਲੌਰ ਤਹਸੀਲ ਵਿਚ ਸਥਿਤ ਹੈ ਜੋ ਕਿ ਫਲੌਰ ਤੋਂ 9 ਕਿ. ਮੀ. ਉੱਤਰ ਪੂਰਬ ਵੱਲ ਹੈ। ਖੁਦਾਈ ਦੇ ਦੌਰਾਨ ਇਥੋਂ ਵੀ ਹੜੱਪਾ ਉੱਤਰ ਸੱਭਤਾ ਦੇ ਅਵਸ਼ੇਸ਼ ਮਿਲੇ ਜਿਨ੍ਹਾਂ ਵਿਚੋਂ ਇਸ ਸੱਭਤਾ ਦੇ ਮਿੱਟੀ ਦੇ ਬਰਤਨ, ਮਿੱਟੀ ਦੇ ਖਡੌਣੇ, ਚੂੜੀਆਂ ਅਤੇ ਮਣਕੇ ਆਦਿ ਮਿਲੇ।[17] ਇਸ ਥਾਂ ਦੀ ਖੁਦਾਈ ਵਿਚੋਂ ਵੀ ਇਸ ਸੱਭਤਾ ਦੇ ਅਤੇ ਸਲੇਟੀ ਪਾਤਰ ਸੱਭਤਾ ਦੇ ਅਵਸ਼ੇਸ਼ ਨਾਲ ਨਾਲ ਮਿਲੇ। ਇਨ੍ਹਾਂ ਦੇ ਇਲਾਵਾ ਕੁਸ਼ਾਨ ਕਾਲ ਅਤੇ ਮੁਸਲਮ ਕਾਲ ਦੇ ਅਵਸ਼ੇਸ਼ ਵੀ ਖੁਦਾਈ ਵਿਚੋਂ ਪ੍ਰਾਪਤ ਹੋਏ।

ਕਠਪਾਲੋਂ :—ਜਲੰਧਰ ਜਿਲੇ ਦੀ ਫਲੋਰ ਤਹਸੀਲ ਚ ਫਲੋਰ ਤੋਂ 7 ਕਿ. ਮੀ. ਪੂਰਬ ਵੱਲ ਸਥਿਤ ਹੈ। ਇਥੇ ਵੀ ਹੜੱਪਾ ਉੱਤਰ ਸੱਭਤਾ ਅਤੇ ਸਲੇਟੀ ਪਾਤਰ ਸਭਤਾ ਦੇ ਅਵਸ਼ੇਸ਼ ਵੀ ਨਾਲ ਨਾਲ ਵੇਖਣ ਵਿਚ ਆਏ ਜਿਸ ਤੋਂ ਹੋਰ ਪੱਕਾ ਹੋ ਜਾਂਦਾ ਹੈ ਕਿ ਦੋਹਾਂ ਸੱਭਤਾ ਦੇ ਲੋਕਾਂ ਦੀ ਵਸਾਸਤ ਨਾਲ ਨਾਲ ਸੀ।

ਸਾਰੰਗਪੁਰ :—ਇਹ ਥਾਂ ਚੰਡੀਗੜ ਤੋਂ ਕੁਝ ਥਾਂ ਦੀ ਦੂਰੀ ਤੇ ਸਥਿਤ ਹੈ ਜਿਸਦੀ ਖੁਦਾਈ ਐਸ. ਬੀ. ਚੌਧਰੀ ਦੇ ਨਿਰਦੇਸ਼ਨ ਚ ਹੋਈ। ਖੁਦਾਈ ਚੋਂ ਨਿਕਲੇ ਅਵਸ਼ੇਸ਼ਾਂ ਦੇ ਅਧਾਰ ਤੇ ਇਸ ਥਾਂ ਨੂੰ ਹੜੱਪਾ ਕਾਲੀਨ ਸੱਭਤਾ ਨਾਲ ਸੰਬੰਧਤ ਕਿਹਾ ਜਾਂਦਾ ਹੈ। ਅਵਸ਼ੇਸ਼ਾਂ ਚੋਂ ਮਿੱਟੀ ਦੇ ਬਰਤਨ, ਪੱਥਰ ਦੇ ਬਣੇ ਚਾਕੂ, ਮੋਤੀ ਅਤੇ ਮਿੱਟੀ ਦੀਆਂ ਚੂੜੀਆਂ ਪ੍ਰਮੁਖ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਲੌਰਾ :—ਇਹ ਥਾਂ ਰੋਪੜ ਤੋਂ ਦਖੱਣ ਵੱਲ ਕਰੀਬ 8 ਕਿ. ਮੀ. ਦੀ ਦੂਰੀ ਤੇ ਸਥਿਤ ਹੈ। ਇਸ ਥਾਂ ਦੀ ਖੁਦਾਈ ਵਾਈ. ਡੀ. ਸ਼ਰਮਾ ਨੇ ਅਪਣੀ ਨਿਗਰਾਨੀ ਵਿਚ ਕਰਵਾਈ। ਇਸ ਥਾ ਤੋਂ ਖੁਦਾਈ ਮਗਰੋਂ ਸਲੇਟੀ ਚਿਤਰਿਤ ਰੰਗ ਸੱਭਤਾ ਦੇ ਅਵਸ਼ੇਸ਼ ਮਿਲੇ ਅਤੇ ਬਾਦ ਵਿਚ ਕੁਸ਼ਾਨ ਕਾਲੀਨ ਸੱਭਤਾ ਦੇ ਅਵਸ਼ੇਸ਼ ਵੀ ਵੇਖਣ ਚ ਆਏ। ਇਸ ਖੁਦਾਈ ਦੇ ਬਾਰੇ ਚ ਜ਼ਿਆਦਾ ਲਿਖਿਤ ਜਾਣਕਾਰੀ ਨਹੀਂ ਮਿਲਦੀ।

ਇਸ ਕਾਲ ਦੇ ਲੋਕ ਨਦੀਆਂ ਚੋਂ ਨਿਕਲੀਆਂ ਚੋਆਂ ਦੇ ਕੰਢੇ ਰਹਿੰਦੇ ਸਨ। ਇਹ ਕਹਿਣਾ ਬਿਲਕੁਲ ਸਹੀ ਹੋਵੇਗਾ ਕਿ ਇਸ ਸੱਭਤਾ ਦੇ ਲੋਕਾਂ ਦਾ ਰਹਿਨ ਸਹਿਨ ਬਿਲਕੁਲ ਵੱਖ ਸੀ। ਇਸ ਕਾਲ ਦੇ ਲੋਕ ਧਾਤ ਵਿਚ ਕੇਵਲ ਤਾਂਬੇ ਦਾ ਹੀ ਪ੍ਰਯੋਗ ਕਰਦੇ ਸਨ ਲੋਹੇ ਦਾ ਨਹੀਂ। ਖੁਦਾਈਆਂ ਚੋਂ ਸੱਭ ਤਰ੍ਹਾਂ ਦੀਆਂ ਰੋਜ਼ ਇਸਤੇਮਾਲ ਕਰਨ ਦੀਆਂ ਵਸਤਾਂ ਅਤੇ ਗਹਿਣੇਂ ਵਗੈਰਾ ਵੀ ਮਿਲੇ ਹਨ।

ਹਾਲ ਵਿਚ ਹੀ ਭਗਵਾਨਪੁਰ ਨਾਮਕ ਥਾਂ ਜਿਲਾ ਕੁਰੂਕਸ਼ੇਤਰ (ਹਰਿਆਣਾ) ਵਿਚ ਖੁਦਾਈ ਮਗਰੋਂ ਇਕ ਨਵੀਂ ਗੱਲ ਪ੍ਰਮਾਣਤ ਹੋਈ। ਇਸ ਥਾਂ ਤੋਂ ਪਹਿਲੀ ਵਾਰੀ ਹੜੱਪਾ ਉੱਤਰ ਸੱਭਤਾ ਦੇ ਲੋਕਾਂ ਅਤੇ ਸਲੇਟੀ ਰੰਗ (P.G.W.) ਸੱਭਤਾ ਦੇ ਲੋਕਾਂ ਨਾਲ ਨਾਲ ਇਕੱਠਾ ਰਹਿਣਾ ਪਹਿਲੀ ਵਾਰੀ ਵੇਖਣ ਚ ਆਇਆ ਹੈ। ਸਲੇਟੀ ਰੰਗ ਦੀ ਪਾਤਰ ਸੱਭਤਾ ਦੇ ਲੋਕਾਂ ਦਾ ਸਮਾਂ ਕਰੀਬ 1000 ਈ. ਪੂ. ਤੋਂ ਲੈਕੇ 5th ਈ. ਪੂ. ਤੱਕ ਮਨਿਆ ਜਾਂਦਾ ਹੈ। ਇਸ ਥਾਂ ਤੋਂ ਖੁਦਾਈ ਵਿਚੋਂ ਕੇਵਲ ਤਾਂਬੇ ਦੀਆਂ ਵਸਤਾਂ ਹੀ ਮਿਲੀਆਂ ਹਨ ਲੋਹੇ ਦੀਆਂ ਨਹੀਂ ਜਿਸ ਤੋਂ ਇਹ ਅਨੁਮਾਨਤ ਹੁੰਦਾ ਹੈ ਕਿ ਅਜੇ ਇਸ ਕਾਲ ਤੱਕ ਲੋਕਾਂ ਨੂੰ ਲੋਹੇ ਦੀ ਜਾਣਕਾਰੀ ਨਹੀਂ ਸੀ। ਇਸ ਥਾਂ ਦੀ ਖੁਦਾਈ ਮਗਰੋਂ Overlap ਨੂੰ ਪਰਖਣ ਲਈ ਪੰਜਾਬ ਵਿਚ ਦਧੇਰੀ, ਨਗਰ, ਕਠਪਾਲੋਂ ਅਤੇ ਸੰਘੋਲ ਵਿਚ ਵੀ ਖੁਦਾਈਆਂ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਇਨ੍ਹਾਂ ਸਾਰੀਆਂ ਥਾਵਾਂ ਤੋਂ Overlap ਮਿਲੀਆਂ ਅਤੇ ਜਿਸਦੇ ਅਧਾਰ ਤੇ ਇਹ ਕਹਿਣਾ ਸੌਖਾ ਹੋ ਗਿਆ ਕਿ ਹੜੱਪਾ ਉੱਤਰ ਕਾਲੀਨ ਅਤੇ ਸਲੇਟੀ ਰੰਗ ਪਾਤੱਰ ਸੱਭਤਾ ਦੇ ਲੋਕ ਕਿਤੇ ਕਿਤੇ ਨਾਲ ਨਾਲ ਹੀ ਰਹਿੰਦੇ ਸੀ।

ਕਾਫੀ ਅਨਵੇਖਣ ਮਗਰੋਂ ਇਹ ਗੱਲ ਕਾਫੀ ਅਨੁਮਾਣਤ ਹੋ ਗਈ ਹੈ ਕਿ ਇਸ ਸੱਭਤਾ ਦੇ ਅਵਸ਼ੇਸ਼ ਬਹੁਤ ਮਾਤਰਾ ਵਿਚ ਪੰਜਾਬ ਵਿਚੋਂ ਮਿਲਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਗਾਰੀ:—ਇਹ ਥਾਂ ਰੋਪੜ ਜਿਲੇ ਦੀ ਖਰੜ ਤਹਸੀਲ ਚ ਸਥਿਤ ਹੈ। ਅੱਜਕਲ ਇਥੇ ਖ਼ੁਦਾਈ ਦਾ ਕੰਮ ਚਲ ਰਿਹਾ ਹੈ। ਖੁਦਾਈ ਵਜੋਂ ਸਭ ਤੋਂ ਪਹਿਲਾਂ ਇਥੇ ਸਲੇਟੀ ਚਿਤਰਿਤ ਪਾਤਰ ਸੱਭਤਾ ਦੇ ਅਵਸ਼ੇਸ਼ ਪ੍ਰਾਪਤ ਹੋਏ ਹਨ। ਇਸ ਕਾਲ ਚੋਂ ਇਸ ਸੱਭਤਾ ਦੇ ਝੋਂਪੜੀਆਂ ਦੇ ਅਵਸ਼ੇਸ਼ ਅਰਥਾਤ post holes ਆਦਿ ਦੇ ਅਵਸ਼ੇਸ਼ ਮਿਲੇ ਹਨ ਜਿਸ ਤੋਂ ਇਸ ਕਾਲ ਦੇ ਵਸਨੀਕਾਂ ਦੇ ਝੋਂਪੜੀਆਂ ਚ ਰਹਿਣ ਦਾ ਪ੍ਰਮਾਣ ਮਿਲਦਾ ਹੈ ਇਸਦੇ ਇਲਾਵਾ ਇਸੇ ਕਾਲ ਚੋਂ Corn Bins ਅਰਥਾਤ ਅਨਾਜ ਭੰਡਾਰ ਦੇ ਅਵਸ਼ੇਸ਼ ਵੀ ਮਿਲੇ ਹਨ। ਇਸਦੇ ਇਲਾਵਾ ਬਰਤਨ, ਧਾਤ ਦੀਆਂ ਬਣੀਆਂ ਵੱਖ-ਵੱਖ ਵਸਤਾਂ, ਕਈ ਤਰ੍ਹਾਂ ਦੇ ਮੋਤੀ, ਚੂੜੀਆਂ ਘੜੇ ਦੇ ਅਕਾਰ ਦੇ ਮੋਤੀ; ਖਿਡੌਣੇ ਆਦਿ ਮੁਖ ਹਨ।

ਇਸ ਤੋਂ ਬਾਦ ਕੁਸ਼ਾਨ ਅਤੇ ਮੁਸਲਮ ਕਾਲ ਦੇ ਅਵਸ਼ੇਸ਼ ਮਿਲ ਜਿਨ੍ਹਾਂ ਚੋਂ ਰੋਜ਼ਾਨਾ ਵਰਤੋਂ ਦੀਆਂ ਵਸਤਾਂ, ਖਿਡੌਣੇ, ਚੂੜੀਆਂ ਮੋਤੀ ਆਦਿ ਵੀ ਮਿਲੇ ਹਨ। ਅਜੇ ਤਕ ਭਵਨਾਂ ਦੇ ਅਵਸ਼ੇਸ਼ ਨਹੀਂ ਮਿਲੇ, ਖੁਦਾਈ ਦਾ ਕੰਮ ਪ੍ਰਗਤੀ ਤੇ ਹੈ।

ਪਿਛੇਰੀ ਹੜੱਪਾ ਸੱਭਤਾ ਦੇ ਸਥਾਨ

ਜਿਲਾ ਅੰਮ੍ਰਿਤਸਰ

1. ਛਿੱਨਾਂ	31°45′	74°45′
2. ਘਰਿੰਡਾ	31°35′	74°35′
3. ਹੇੜ	31°40′	74°48′

ਜਿਲਾ ਗੁਰਦਾਸਪੁਰ

1. ਅਛੱਲ ਸਾਹਿਬ	32°00′	75°18′
2. ਡੋਡਵਾਂ	32°08′	75°25′
3. ਗੁਰਦਾਸ ਨੰਗਲ ਦਾ ਥੇਹ	32°00′	75°22′
4. ਹਰਦੋ ਰਾਵਲ ਖੁਰਦ	31°55′	74°57′
5. ਹਰੀਪੁਰ	31°55′	74°55′
6. ਜਗਰੀਆ	32°05′	75°24′
7. ਕਨਵਾ	32°10′	75°30′
8. ਲੋਹਗੜ	32°14′	75°30′
9, ਵਡਾਲਾਂ ਗੁਬ੍ਰਈਆਂ	31°50′	75°17′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿਲਾ ਹੁਸ਼ਿਆਰਪੁਰ

1. ਗਲੇਰੀਆਂ	31°75′	75°39′
2. ਮਹਿਤਪੁਰ	31°56′	75°39′

ਜ਼ਿਲਾ ਕਪੂਰਥਲਾ

1. ਕਰਾਲਾਂ	81°12′	75°12′
2. ਢੋਮੇਲੀ	31°20′	75°46′

ਜ਼ਿਲਾ ਲੁਧਿਆਣਾ

1. ਬਾਦਲਾ	30°45′	76°28′
2. ਬਾਦੋਵਾਲ	30°52′	76°46′
3. ਬਾਦਲਾ ਨਿੱਕਾ	30°41′	76°17′
4. ਬਹਰਾਮਪੁਰ	30°43′	76°25′
5. ਬਨਾਲੀ		
6. ਬਾਰਵਾਲੀ	30°47′	76°19′
7. ਬੱਸੀ ਗੁਜਰਾਂ	30°53′	76°21′
8. ਬਾਥਾਂ-ਨਾਥਾਂ	30°47′	76°23′
9. ਬਰਖਾਰਾ	30°35′	75°55′
10. ਚੰਡੀਆਲਾ	30°52′	76°20′
11. ਢਢੇਰੀ	30°40′	76°19′
12. ਡਹੇਰੀ	30°45′	76°09′
13. ਢਢੇਰਾ	30°51′	75°48′
14. ਦੋਰਾਹਾ	30°48′	76°01′
15. ਜਗਰੋਡੀ	30°50′	76°10′
16. ਕਾਦੋਂ	30°46′	76°02′
17. ਕੰਗਣਵਾਲ	30°51′	76°56′
18. ਕਟਾਨਾਂ	30°50′	76°04′
19. ਖੇੜੀ ਨੂੱਧ ਸਿੰਘ	30°44′	76°22′
20. ਝਿਰੀ	30°56′	76°41′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

21. ਕੋਹਾੜਾ	30°52′	76°00′
22. ਕੋਟ ਮੰਡੀਆਲ	30°47′	76°03′
23. ਲੋਹਾਰ ਮਾਜਰਾ	30°42′	76°19′
24. ਮਲੰਕ	30°45′	76°15′
25. ਮਾਨੂਪਰਾ	30°76′	76°15′

ਜਿਲਾ ਜਲੰਧਰ

1. ਅਪੱਰਾ	31°05′	75°52′
2. ਚੀਨੀ ਕੰਜਰੀ ਦਾ ਥੇਹ	31°23′	75°47′
3. ਢੰਢੇਰੀ	31°22′	75°40′
4. ਢੁਗੱਰੀ	31°23′	75°40′
5. ਹਰੀਪੁਰ	31°22′	75°44′
6. ਕਰਤਾਰਪੁਰ	31°23′	75°30′
7. ਕਠਪਾਲੋਂ	31°02′	75°51′
8. ਮਲਸੀਆਂ	31°04′	75°22′
9. ਨਗਰ	31°02′	75°00′
10. ਨੋਲੀ	31°23′	75°40′
11. ਰਾਹੋਂ	31°02′	76°03′
12. ਸਪਰੋੜ ਕੰਗਲ	31°15′	75°43′

ਜਿਲਾ ਰੋਪੜ

1. ਬਾੜਾ	30°55′	76°30′
2. ਬੱਸੀ ਗੁਜਰਾਂ	30°53′	76°21′
3. ਚਮਕੋਰ	30°54′	76°25′
4. ਛਤੋਲੀ	30°51′	76°35′
5. ਡੁਗਰੀ	30°54′	76°28′
6. ਹਵਾਰਾ	30°50′	76°24′
7. ਕਨੂਰ	30°50′	76°30′
8. ਕੋਟਲੀ	30°53′	76°29′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਕੂਬਾ ਹੇੜੀ	30°52′	76°40′
10. ਕੁਰਾਰਾ ਕੁਰਾਰੀ	30°39′	76°46′
11. ਮਨੀਲਾ	30°50′	76°21′
12. ਪਾਲਨਪੁਰ	30°52′	76°41′
13. ਰਾਮਪੁਰ	30°36′	76°47′
14. ਸੀਸਵਾਂ	30°50′	76°42′

ਜ਼ਿਲਾ ਪਟਿਆਲਾ

1. ਬਨੇਰਾ	30°20′	76°13′
2. ਭਸਮਾਰਾ ਬੁਰਜ	30°09′	76°29′
3. ਭੂਰਾ	30°28′	76°10′
4. ਬ੍ਰਾਸ	30°35′	76°32′
5. ਚਨਾਰਥੱਲ ਕਲਾਂ	30°31′	76°21′
6. ਡਡੇਰਾ	30°20′	76°21′
7. ਡਡਰਾਲਾ	30°28′	76°18′
8. ਡਬਲਾਂ	30°20′	76°15′
9. ਧੱਮੋ ਮਾਜਰਾ	30°20′	76°22′
10. ਢੰਗਰੀਆਂ	30°37′	76°30′
11. ਧਰਮਹੇੜੀ	30°07′	76°19′
12. ਢਿੰਗੀ	30°25′	76°07′
13. ਦੁਰਦ	30°10′	76 27′
14. ਗਜੂੰਖੇਰਾ	30°35′	76°28′
15. ਗੱਲਵੱਡੀ	30 42′	76°14′
16. ਘਿਉਰਾ	30°07′	76°16′
17. ਘੁਰਮ	30°08′	76°29′
18. ਹੰਸਾਲੀ	30°36′	76°29′
19. ਆਇਜ਼ਰ ਹੇਲ	30°38′	76°31′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

20. ਕਾਲਵਾ	30°25′	76°26′
21. ਖੇੜਾ	30°36′	76°29′
22. ਖੇੜੀ ਗੁਰੀਆਂ	30°23′	76°15′
23. ਨੁਮਹਾਰਾ	30°38′	76°18′
24. ਲਚਕਾਲੇ	30°25′	76°47′
25. ਲਲੋਂਡਾ	30°22′	76°17′
26. ਲਟੋਰ	30°32′	76°25′
27. ਲੋਪਾਂ	30°28′	76°11′
28. ਮਾਜਰੀ ਜੱਟਾਂ	30°38′	76°13′
29. ਮੰਗਾਮਾਂ	30°07′	76°23′
30. ਮੋਰਾ	30°26′	76°06′
31. ਪਿਨਾਂਦੀਆਂ	30°26′	76°26′
32. ਰਾਜਗੜ	30°25′	76°45′
33. ਰੋਹਤਾ	30°22′	76°12′
34. ਸੀਲ	30°20′	76°32′
35. ਸੁਨਿਆਰ ਹੇੜੀ	30°27′	76°26′
36. ਉੱਚਾ ਗਾਂਉ	30°22′	76°21′
37. ਉੱਚਾ ਖੇੜਾ	30°34′	76°30′

ਜਿਲਾ ਸੰਗਰੂਰ

1. ਬਾਹਵਾ	30°29′	75°48′
2. ਭਸੋਰ	30°26′	75°55′
3. ਭੂਦਾਨ	30°37′	75°46′
4. ਜੰਡਾਲੀ	30°37′	75°57′
5. ਮਹੋਰਾਨਾ	30°29′	75°59′
6. ਮੁਹਮੱਦਪੁਰ	30°32′	75°55′
7. ਰੋਹੀਰਾ	30°57′	75°50′
8. ਕਾਲੀਆ	30°35′	75°43′
9. ਮਹੋਲੀ	30°38′	75°45′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਲਾ ਫਰੀਦਕੋਟ

1. ਡੋਗਰੂ	30°45′	76°09′
2. ਇੰਨੇਵਾਲਾ ਥੇਹ	30°33′	75°25′
3. ਸੌਸਾਂ	30°50′	75°00′

ਜਿਲਾ ਭਠਿੰਡਾ

1. ਅਲੀ ਦਾ ਥੇਹ	30°22′	75°14′
2. ਅਲੀਪੁਰ ਮੰਦਰਾਂ	29°50′	75°28′
3. ਬੜੇ II	29°57′	75°26′
4. ਭਿੱਖੀ	30°04′	75°31′
5. ਛੋਟੀ ਮਨਸਾ	29°59′	75°26′
6. ਦਾਨੇਵਾਲਾ I	29°48′	75°22′
7. ਦਾਨੇਵਾਲਾ II	29°48′	75°22′
8. ਡਲੇਵਾਲਾ I	29°50′	75°25′
9. ਮੋਹਰੀ ਵਾਲਾ ਥੇਹ	30°65′	75°33′
10. ਸਾਹਨੇਵਾਲੀ	29°55′	75°06′

ਜਿਲਾ ਚੰਡੀਗੜ

1. ਚੰਡੀਗੜ	30°45′	76°47′
2. ਨਾੜਾ	30°47′	76°48′
3. ਪਾਗਚ	30°48′	76°46′
4. ਸਾਰੰਗਪੁਰ	30°46′	76°48′

ਅਣਵੇਖਣ ਕਰਨ ਤੋਂ ਬਾਦ ਪੰਜਾਬ ਵਿਚ ਪ੍ਰਾਕ ਹੜੱਪਾ ਕਾਲੀਨ ਜੋ ਥਾਵਾਂ ਮਿਲੀਆਂ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :–

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿਲਾ ਕਪੂਰਥਲਾ

1. ਦੋਮੇਲੀ	31°20′	75°46′
2. ਕਰਾਲਾਂ	31°23′	75°22′

ਜ਼ਿਲਾ ਰੋਪੜ

1. ਕੋਟਲਾ ਨਿਹੰਗ ਖਾਂ	30°50′	76°32′
2. ਰੋਪੜ	30°58′	76°31′

ਜ਼ਿਲਾ ਸੰਗਰੂਰ

1. ਭੂਦਾਨ	30°31′	75°46′
2. ਜੰਡਾਲੀ	30°37′	75°51′
3. ਮਹੋਰਾਨਾ	30°29′	75°51′
4. ਰੋਹੀੜਾ	30°37′	75°50′

ਜ਼ਿਲਾ ਲੁਧਿਆਣਾ

1. ਚੰਡੀਆਲਾ	30°52′	76°20′
2. ਸੰਘੋਲ	30°47′	75°24′

ਜ਼ਿਲਾ ਫਰੀਦਕੋਟ

1. ਇਨ੍ਹੇਵਾਲਾ ਥੇਹ	30°33′	75°25′
2. ਰਾਜਾ ਸਿਰੱਕਪ	30°39′	74°46′

ਜ਼ਿਲਾ ਫਿਰੋਜ਼ਪੁਰ

1. ਅਰਨੀਵਾਲਾ ਥੇਹ	30°20′	75°25′

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਲਾ ਭਠਿੰਡਾ

1. ਅਲੀਪੁਰ ਮੰਦਰਾਂ	29°50′	75°14′
2. ਬਾਗਲੀਆਂ ਦਾ ਥੇਹ	29°56′	75°29′
3. ਬੜੇ	29°56′	75°29′
4. ਛੋਟੀ ਮਨਸਾ	29°59′	75°36′
5. ਢਲੇਵਾਂ	30°02′	75°33′
6. ਗੁਰਨੀਕਲਾਂ I	29°59′	75°33′
7. ਗੁਰਨੀਕਲਾਂ II	29°59′	75°33′
8. ਹਸੱਨਪੁਰ II	29°59′	75°33′
9. ਹਿਰਕੇ	29°59′	79°22′
10. ਲਖਮੀਰਵਾਲਾ	29°59′	75°22′
11. ਨਾਈਵਾਲਾਥੇਹ	29°55′	75°30′

ਸਲੇਟੀ ਚਿਤਰਿਤ ਪਾਤੱਰ ਸੱਭਤਾ (ਲਗਭਗ 1000 ਈ. ਪੂ. 600 ਈ. ਪੂ.)

ਭਾਰਤ ਦੀ ਵੰਡ ਤੋਂ ਪਹਿਲਾਂ ਪੁਰਾਤਾਤਵਿਕ ਛਾਣ-ਬੀਣ ਕੇਵਲ ਸਿੰਧੂ ਸੱਭਤਾ ਅਤੇ ਉਸਦੇ ਨਾਲ ਸੰਬੰਧਤ ਸਮਸਿਆਵਾਂ ਤਕ ਹੀ ਸੀਮਿਤ ਸੀ ਪਰ ਹੋਲੀ ਹੋਲੀ ਹੋਰ ਨਵੀਆਂ ਸੱਭਤਾਵਾਂ ਦੇ ਮਿਲਣ ਨਾਲ ਖੋਜਾਂ ਦਾ ਵਿਸਤਾਰ ਹੁੰਦਾ ਗਿਆ। ਜਿਵੇਂ ਕਿ ਪਹਿਲਾਂ ਕਿਹਾ ਜਾ ਚੁਕਿਆ ਹੈ ਕਿ ਇਕ ਖਾਸ ਤਰ੍ਹਾਂ ਦੇ ਬਰਤਨ ਇਕ ਖਾਸ ਸੱਭਤਾ ਨੂੰ ਦਰਸ਼ਾਉਂਦੇ ਕਰਦੇ ਹਨ। ਪੁਰਾਤਾਤਵਿਕ ਖੋਜ ਵਿਚ ਬਰਤਨਾਂ ਦਾ ਇਕ ਵਿਸ਼ੇਸ਼ ਮਹਤੱਵਪੂਰਣ ਸਥਾਨ ਹੈ। ਇਸ ਸੱਭਤਾ ਦੇ ਅਵਸ਼ੇਸ਼ ਸੱਭ ਤੋਂ ਪਹਿਲਾਂ ਅਹਿਛੱਤਰਾ (ਉੱਤਰ ਪ੍ਰਦੇਸ਼) ਤੋਂ ਮਿਲੇ ਪਰ ਇਨ੍ਹਾਂ ਨੂੰ ਪਛਾਣਨਾ ਹਸਤਿਨਾਪੁਰ ਨਾਮਕ ਥਾਂ ਦੀ ਖੁਦਾਈ ਤੋਂ ਸ਼ੁਰੂ ਹੋਇਆ। ਕਿਉਂਕਿ ਇਸ ਸੱਭਤਾ ਦੇ ਅਵਸ਼ੇਸ਼ ਜਿਆਦਾਤਰ 'ਗੰਗਾ-ਜਮਨਾ' ਤੋਂ ਮਿਲੇ ਹਨ ਇਸ ਕਰਕੇ ਬਹੁਤ ਪਰਭਾਵਤ ਹੋਕੇ ਮਹਾਨ ਪੁਰਾਤੱਤਵਵੇਤਾ ਵੀਲ੍ਹਰ ਨੇ ਇਸਦਾ ਨਾਮ 'ਗੰਗਾ ਸੱਭਤਾ' ਕਰਕੇ ਦਿੱਤਾ। ਇਸ ਮਹਾਨ ਪੁਰਾਤੱਤਵੇਤਾ ਦਾ ਕਹਿਣਾ ਹੈ ਕਿ ਪੁਰਾਤੱਤਵਿਕ ਖੋਦਕ ਚੀਜਾਂ ਨਹੀਂ ਖੋਦਦਾ ਪਰ ਉਹ ਲੋਕਾਂ ਨੂੰ ਖੋਦਦਾ ਹੈ। ਕਾਫੀ ਹੱਦ ਤੱਕ ਇਹ ਗੱਲ ਸਹੀ ਵੀ ਹੈ ਕਿਉਂਕਿ ਖੁਦਾਈ ਚੋਂ ਮਿਲੇ ਅਵਸ਼ੇਸ਼ਾਂ ਦੇ ਅਧਾਰ ਤੇ ਹੀ ਤੇ ਸੱਭਤਾ ਦੀ ਪਛਾਣ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸੱਭਤਾ ਨੂੰ ਸਲੇਟੀ ਚਿਤਰਿਤ ਪਾਤੱਰ ਸੱਭਤਾ ਇਸ ਕਰਕੇ ਕਿਹਾ ਜਾਂਦਾ ਹੈ ਕਿ ਕਿਉਂਕਿ ਇਕ ਖਾਸ ਤਰ੍ਹਾਂ ਦੇ ਸਲੇਟੀ ਰੰਗ ਦੇ ਬਰਤਨਾਂ ਉਤੇ ਕਾਲੇ ਰੰਗ ਨਾਲ ਤਰ੍ਹਾਂ ਤਰ੍ਹਾਂ ਦੇ ਡਿਜ਼ਾਇਨਾਂ ਨਾਲ ਚਿਤੱਰਕਾਰੀ ਕੀਤੀ ਹੋਈ ਮਿਲਦੀ ਹੈ।[18] ਦੂਜੇ ਸ਼ਬਦਾਂ ਚ ਇਨ੍ਹਾਂ ਨੂੰ ਸ਼ਾਹਨਾ ਬਰਤਨ ਵੀ ਕਿਹਾ ਜਾ ਸਕਦਾ ਹੈ ਜੋ ਕਿ ਕਿਸੇ ਮੌਕੇ ਤੇ ਕਦੇ ਕਦੇ ਵਰਤੋਂ ਚ ਲਿਆਏ ਜਾਂਦੇ ਸਨ। ਵਿਸ਼ਲੇਸ਼ਨ ਕਰਨ ਮਗਰੋਂ ਇਹ ਵੇਖਣ ਵਿਚ ਆਇਆ ਹੈ ਕਿ ਇਹ ਬਰਤਨ ਚੰਗੀ ਤਰ੍ਹਾਂ ਪਕਾਈ ਹੋਈ ਅਤੇ ਸੂਖਮ ਮਿੱਟੀ ਦੇ ਬਣੇ ਹੁੰਦੇ ਸਨ। ਜਿਥੋਂ ਤੱਕ ਇਨ੍ਹਾਂ ਬਰਤਨਾਂ ਦਾ ਤਾਲੁਕ ਹੈ ਇਸਦੇ ਬਨਾਉਣ ਪਕਾਉਣ ਅਤੇ ਉਨ੍ਹਾਂ ਨੂੰ ਚਿੱਤਰਿਤ ਕਰਣ ਦਾ ਇਕ ਵਿਸ਼ੇਸ਼ ਤਰੀਕਾ ਸੀ। ਇਵੇਂ ਵੇਖਣ ਵਿਚ ਆਈਆ ਹੈ ਕਿ ਬਰੀਕ ਮਿੱਟੀ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਤੇਜ ਚਲਨ ਵਾਲੇ ਚਾਕ ਉਤੇ ਬਰਤਨ ਬਨਾਏ ਜਾਂਦੇ ਸੀ। ਬਰਤਨਾਂ ਨੂੰ ਚਾਕ ਤੋਂ ਧਾਗੇ ਨਾਲ ਕਟਿਆ ਜਾਂਦਾ ਸੀ ਜਿਸਦੇ ਨਿਸ਼ਾਨ ਅੱਜ ਵੀ ਬਰਤਨਾਂ ਤੇ ਵੇਖ ਸਕਦੇ ਹਾਂ। ਉਨ੍ਹਾਂ ਦੇ ਚਮੜੇ ਵਾਂਗ ਸੁਕ ਜਾਣ ਤੋਂ ਬਾਦ ਫੇਰ ਚੱਕ ਤੇ ਚੜ੍ਹਾ ਕੇ ਪਾਨੀ ਅਤੇ ਖੁਰਪੇ ਨਾਲ ਪਾਣੀ ਲਗਾ ਕੇ ਅੰਦਰੋਂ ਤੇ ਬਾਹਰੋਂ ਚਮਕਾਇਆ ਜਾਂਦਾ ਸੀ। ਬਰਤਨਾਂ ਦਾ ਢਾਚਾਂ ਬਹੁਤ ਹੀ ਪਤਲਾ ਅਤੇ ਸੋਹਨਾ ਹੁੰਦਾ ਸੀ। ਬਰਤਨ ਦੀ ਸਤਹ ਤੇ ਚਿਤੱਰਕਾਰੀ ਅੰਦਰ ਅਤੇ ਬਾਹਰ ਬੜੇ ਹੀ ਖ਼ੂਬਸੂਰਤ ਢੰਗ ਨਾਲ ਕੀਤੀ ਜਾਂਦੀ ਸੀ। ਸਰਵੇਖਣ ਕਰਨ ਮਗਰੋਂ ਇਹ ਵੇਖਣ ਚ ਆਇਆ ਹੈ ਕਿ ਉਨ੍ਹਾਂ ਲੋਕਾਂ ਨੂੰ ਕਰੀਬ 200 ਤਰ੍ਹਾਂ ਦੇ ਡਿਜਾਇਨ ਬਨਾਣੇ ਆਉਂਦੇ ਸਨ ਜਿਨ੍ਹਾਂ ਵਿਚੋਂ ਮੁੱਖ ਰੂਪ 'ਚ ਜਿਆਮਿਤਿਕ ਡਿਜਾਇਨ, ਕਈ ਤਰ੍ਹਾਂ ਦੇ ਪੌਧੇ, ਗੋਲਾਕਾਰ ਅਤੇ ਅਰਧ ਗੋਲਾਕਾਰ ਉਂਗਲੀ ਦੇ ਨਿਸ਼ਾਨ ਚਾਰਖਾਨਾਂ ਡਿਜਾਇਨ ਅਤੇ ਸਵਸੱਤਕ ਮੁੱਖ ਹਨ। ਇਵੇਂ ਜਾਪਦਾ ਹੈ ਕਿ ਸਲੇਟੀ ਰੰਗ ਦੇ ਬਰਤਨ ਕਿਸੇ ਖਾਸ ਅਵਸਰ ਤੇ ਹੀ ਇਸਤੇਮਾਲ ਹੁੰਦੇ ਹੋਣਗੇ ਕਿਉਂਕਿ ਉਹ ਬਹੁਤ ਹੀ ਕਲਾਤਮਕ ਢੰਗ ਦੇ ਹੁੰਦੇ ਸੀ। ਇਹ ਬਰਤਨ ਮੁਖ ਰੂਪ ਵਿਚ ਖੁਲੇ ਮੂੰਹ ਵਾਲੇ ਹੁੰਦੇ ਸੀ ਜਿਨ੍ਹਾਂ ਚੋਂ ਡੂੰਘੀਆਂ ਤੇ ਚਪਟੀਆਂ ਥਾਲੀਆ, ਕਈ ਤਰ੍ਹਾਂ ਦੇ ਕਟੋਰੇ, ਘੜਾ, ਛੋਟੀਆਂ ਕੌਲੀਆਂ, ਲੋਟਾ ਜਾਂ ਕੜਾਹੀ ਵਿਸ਼ੇਸ਼ ਬਰਤਨ ਹਨ।

ਇਸੇ ਸੱਭਤਾ ਨਾਲ ਸੰਬੰਧਤ ਲਾਲ ਰੰਗ ਦੇ ਕਾਫੀ ਮਾਤਰਾ ਵਿਚ ਦੂਜੇ ਬਰਤਨ ਵੀ ਮਿਲਦੇ ਹਨ ਜੋ ਕਿ ਅੰਦਾਜ ਰੋਜਾਨਾ ਇਸਤੇਮਾਲ ਕਰਨ ਲਈ ਪ੍ਰਯੋਗ ਵਿਚ ਲਿਆਏ ਜਾਂਦੇ ਹੋਣਗੇ। ਸਲੇਟੀ ਰੰਗ ਦੇ ਬਰਤਨਾਂ ਦੀ ਬਜਾਏ ਇਹ ਜਿਆਦਾ ਮਿਲਦੇ ਹਨ ਇਨ੍ਹਾਂ ਦੇ ਆਕਾਰ ਇਵੇਂ ਹਨ, ਮਟਕੇ, ਘੜੇ, ਥਾਲੀਆਂ, ਪਿਆਲੇ, ਕਟੋਰੇ ਪੈਂਦੇਦਾਰ ਥਾਲੀਆਂ ਅਤੇ ਢਕੱਣ ਆਦਿ। ਇਨ੍ਹਾਂ ਲਾਲ ਰੰਗ ਦੇ ਬਰਤਨਾਂ ਤੇ ਕਈਆਂ ਤੇ ਕਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੰਗ ਨਾਲ ਚਿਤੱਰਕਾਰੀ ਅਤੇ ਤਰ੍ਹਾਂ ਤਰ੍ਹਾਂ ਦੇ ਉਕਦਰੇ ਹੋਏ ਡਿਜ਼ਾਇਨ ਵੀ ਮਿਲਦੇ ਹਨ।

ਸਾਰੇ ਭਾਰਤ ਵਿਚ ਇਸ ਸੱਭਤਾ ਨਾਲ ਸੰਬੰਧਤ ਅੱਜ ਤੱਕ ਕਰੀਬ 800 ਥਾਵਾਂ ਮਿਲੀਆਂ ਹਨ ਜਿਨ੍ਹਾਂ ਚੋਂ ਕੇਵਲ 134 ਪੰਜਾਬ ਵਿਚ ਹੀ ਮਿਲੀਆਂ ਹਨ। ਬੁਨਿਆਦੀ ਤੌਰ ਤੇ ਇਹ ਸੱਭਤਾ ਮਦਾਨੀ ਇਲਾਕਿਆਂ ਵਿਚ ਹੀ ਫਲੀ ਫੂਲੀ। ਮੁੱਖ ਰੂਪ ਵਿਚ ਇਸ ਸੱਭਤਾ ਦਾ ਕੇਂਦਰੀਕਰਨ ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਸਨ। ਰਾਜਸਥਾਨ ਵਿਚ ਇਸ ਸੱਭਤਾ ਨਾਲ ਸੰਬੰਧਤ ਪ੍ਰਾਚੀਨ ਸਥਾਨ ਉੱਤਰੀ ਰਾਜਸਥਾਨ ਵਿਚ ਘੱਗਰ ਨਦੀ ਦੇ ਖੁਸ਼ਕ ਕਿਨਾਰੇ ਤੇ ਹਨ। ਇਹ ਵੀ ਵੇਖਣ ਵਿਚ ਆਇਆ ਹੈ ਕਿ ਰਾਜਸਥਾਨ ਵਿਚ ਇਸ ਸੱਭਤਾ ਦੇ ਅਵਸ਼ੇਸ਼ ਟਿਬਿਆਂ ਦੇ ਢਲਾਨਾਂ ਉਤੇ ਮਿਲੇ ਹਨ। ਲਾਖਾਂ ਢੰਗ ਦੇ ਉੱਚੇ ਟੀਲਿਆਂ ਦੇ ਢਲਾਨਾਂ ਤੇ ਕਰੀਬ 20 ਪ੍ਰਾਚੀਨ ਥਾਵਾਂ ਮਿਲੀਆਂ ਹਨ। ਜਲਵਾਯੂ ਦੇ ਲਿਹਾਜ ਨਾਲ ਇਹ ਇਲਾਕਾ ਕਾਫੀ ਚੰਗਾ ਗਿਣਿਆ ਜਾਂਦਾ ਸੀ।

ਖੇਤਰੀ ਅਣਵੇਖਣ ਕਰਨ ਮਗਰੋਂ ਇਕ ਬੜੀ ਮਹਤੱਵਪੂਰਨ ਗੱਲ ਵੇਖਣ ਚ ਆਈ ਹੈ। ਉਹ ਇਹ ਹੈ ਕਿ ਇਸ ਸੱਭਤਾ ਨਾਲ ਸੰਬੰਧਤ ਪ੍ਰਾਚੀਨ ਥਾਵਾਂ ਅੰਮਿਤਸਰ ਦੇ ਪੱਛਮ ਵੱਲ ਨਹੀਂ ਮਿਲਦੀਆਂ ਪਰ ਪੂਰਬ ਵੱਲ ਹੀ ਮਿਲਦੀਆਂ ਹਨ। ਜਿੰਨਾ ਪੂਰਬ ਵੱਲ ਜਾਉ ਥਾਵਾਂ ਦੀ ਗਿਨਤੀ ਉਨੀਂ ਵਧਦੀ ਹੈ। ਅਜੇ ਤੱਕ ਦੇ ਹੋਏ ਸਰਵੇਖਣ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰਦਾਸਪੁਰ ਦੇ ਆਸਪਾਸ ਦੇ ਖੇਤੱਰ ਵਿਚ ਚਿਤਰਿਤ ਪਾਤੱਰ ਸੱਭਤਾ ਦੇ ਅਵਸ਼ੇਸ਼ ਨਾ ਮਿਲਕੇ ਕੇਵਲ ਸਲੇਟੀ ਰੰਗ ਦੇ ਬਿਨਾ ਚਿੱਤਰਕਾਰੀ ਦੇ ਹੀ ਬਰਤਨ ਮਿਲਦੇ ਹਨ। ਇਵੇਂ ਜਾਪਦਾ ਹੈ ਕਿ ਸ਼ੁਰੂ ਵਿਚ ਸ਼ਾਇਦ ਲੋਕਾਂ ਨੂੰ ਚਿਤਰਿਤ ਕਰਨਾ ਨਹੀਂ ਆਉਂਦਾ ਹੋਵੇਗਾ ਬਾਦ ਵਿਚ ਇਸਦੀ ਜਾਨਕਾਰੀ ਹੋ ਗਈ ਹੋਵੇਗੀ। ਇਹ ਸਲੇਟੀ ਰੰਗ ਦੇ ਸਾਦੇ ਬਰਤਨਾਂ ਦੇ ਆਕਾਰ ਅਤੇ ਬਨਾਵਟ ਉਸੇ ਤਰ੍ਹਾਂ ਸੀ ਜਿਵੇਂ ਕਿ ਚਿੱਤਰਿਤ ਬਰਤਨਾਂ ਦੀ।

ਕਈ ਵਿਦਵਾਨ ਇਸ ਸੱਭਤਾ ਨੂੰ ਆਰੀਆ ਸੱਭਤਾ ਨਾਲ ਸੰਬੰਧਤ ਕਹਿੰਦੇ ਹਨ ਪਰ ਜੱਦ ਤੱਕ ਇਸਦੇ ਬਾਰੇ ਪੂਰੀ ਤਰ੍ਹਾਂ ਪ੍ਰਮਾਣਤ ਨਹੀਂ ਹੋ ਜਾਂਦਾ ਸਵੀਕਾਰ ਕਰਨਾ ਮੁਸ਼ਕਲ ਹੈ। ਇਸ ਤਰ੍ਹਾਂ ਇਹ ਅਜੇ ਤੱਕ ਵਾਦ ਵਿਵਾਦ ਦਾ ਵਿਸ਼ਾ ਹੈ।

ਇਕ ਗੱਲ ਹੋਰ ਵੇਖਣ ਚ ਆਉਂਦੀ ਹੈ ਕਿ ਉਹ ਬਹੁਤ ਸਾਰੀਆਂ ਥਾਵਾਂ ਜੋ ਕਿ ਮਹਾਭਾਰਤ ਨਾਲ ਸੰਬੰਧਤ ਹਨ ਅਤੇ ਜਿਨ੍ਹਾਂ ਤੇ ਖੁਦਾਈ ਦਾ ਕੰਮ ਹੋਇਆ, ਉਨ੍ਹਾਂ ਥਾਵਾਂ ਤੋਂ ਇਸ ਸੱਭਤਾ ਦੇ ਅਵਸ਼ੇਸ਼ ਜਰੂਰ ਮਿਲਦੇ ਹਨ ਉਨ੍ਹਾਂ ਚੋਂ ਕੁਝ ਥਾਵਾਂ ਜਿਨ੍ਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਖੁਦਾਈ ਹੋਈ ਇਵੇਂ ਹਨ :—ਹਸਤਿਨਾਪੁਰ, ਅਹਿਛਤਰਾ, ਮਥੁਰਾ, ਕੋਸ਼ਾਂਬੀ, ਬਰਨਾਵਾ, ਪਾਨੀਪਤ, ਬੈਰਾਟ ਅਤੇ ਕੁਰੂਕਸ਼ੇਤਰ। ਮਹਾਭਾਰਤ ਨਾਲ ਇਨ੍ਹਾਂ ਥਾਵਾਂ ਦਾ ਵੀ ਸੰਬੰਧ ਸੀ ਇਹ ਕਹਿਨਾ ਅਜੇ ਸੰਭਵ ਨਹੀਂ, ਪਰ ਇਵੇਂ ਜਾਪਦਾ ਹੈ ਕਿ ਇਨ੍ਹਾਂ ਦਾ ਆਪਸ ਵਿਚ ਕੁਝ ਨਾ ਕੁਝ ਸੰਬੰਧ ਜਰੂਰ ਹੋਵੇਗਾ ਅਤੇ ਇਸਦੇ ਬਾਰੇ ਚ ਅਜੇ ਹੋਰ ਖੋਜ ਹੋ ਰਹੀ ਹੈ।

ਹੜੱਪਾ ਸੱਭਤਾ ਦੀ ਤਰ੍ਹਾਂ ਇਸ ਕਾਲ ਵਿਚ (Standardization) ਮਿਆਰੀਕਰਣ ਦਾ ਆਭਾਵ ਹੋ ਗਿਆ ਜਾਪਦਾ ਸੀ ਜਿਸਦਾ ਪ੍ਰਮਾਣ ਅਜੇ ਤੱਕ ਦੀਆਂ ਹੋਈਆਂ ਖੁਦਾਈਆਂ ਤੋਂ ਮਿਲਦਾ ਹੈ ਇਸਦੇ ਨਾਲ ਹੀ ਇਹ ਬੜੀ ਹੈਰਾਨੀ ਦਾ ਵਿਸ਼ਾ ਹੈ ਕਿ ਇਸ ਕਾਲ ਦੇ ਲੋਕ ਪੜ੍ਹਨਾ-ਲਿਖਨਾ ਨਹੀਂ ਜਾਣਦੇ ਸੀ ਕਿਉਂਕਿ ਅਜੇ ਤੱਕ ਕੋਈ ਕਿਸੇ ਤਰ੍ਹਾਂ ਦਾ ਲਿਖਤ ਰੂਪ ਚ ਪ੍ਰਮਾਣ ਨਹੀਂ ਮਿਲਿਆ।

ਇਹ ਪਹਿਲਾਂ ਕਿਹਾ ਜਾ ਚੁਕਿਆ ਹੈ ਕਿ ਇਸ ਸੱਭਤਾ ਦੇ ਲੋਕ ਇਨ੍ਹੇ ਅਗਾਉ ਨਹੀਂ ਸਨ। ਹਾਲਾਂਕਿ ਅੱਜ ਤੱਕ ਦੀਆਂ ਹੋਈਆਂ ਖੁਦਾਈਆਂ ਚੋਂ ਇਮਾਰਤੀ ਅਵਸ਼ੇਸ਼ਾਂ ਦੇ ਬਾਰੇ ਚ ਇਸ ਸੱਭਤਾ ਦੇ ਜ਼ਿਆਦਾ ਅਵਸ਼ੇਸ਼ ਨਹੀਂ ਮਿਲਦੇ ਜਿਨ੍ਹਾਂ ਦੇ ਅਧਾਰ ਤੇ ਇਹ ਕਿਹਾ ਜਾ ਸਕੇ ਕਿ ਉਹ ਲੋਕ ਕਿਸ ਤਰ੍ਹਾਂ ਦੇ ਮਕਾਨਾਂ ਚ ਰਹਿੰਦੇ ਹੋਣਗੇ। ਪਰ ਕੁਝ ਖੁਦਾਇਆਂ ਚੋਂ ਮਿਲੇ Post-holes ਪੁਰਾਅਵਸ਼ੇਸ਼ਾਂ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸ਼ੁਰੂ ਸ਼ੁਰੂ ਚ ਉਹ ਲੋਕ ਗੋਲਾਕਾਰ ਜਾਂ ਅਰਧਗੋਲਾਕਾਰ ਝੋਂਪੜਿਆਂ ਵਿਚ ਰਹਿੰਦੇ ਸਨ ਜਿਸਦਾ ਪ੍ਰਮਾਣ ਅਹਿਛਤਰਾ ਅੱਲਾਪੁਰ, ਭਗਵਾਨਪੁਰ. ਸੰਘੋਲ, ਦਧੇਰੀ, ਨਗਰ ਅਤੇ ਕਠਪਾਲੋਂ ਦੀਆਂ ਖੁਦਾਈਆਂ ਤੋਂ ਮਿਲਦਾ ਹੈ। ਭਗਵਾਨਪੁਰ (ਹਰਿਆਣਾ) ਦੀ ਖੁਦਾਈ ਚੋਂ ਇਕ ਝੋਂਪੜੀ ਦੇ ਅੰਦਰੋਂ 5-6 ਨਾਲ ਨਾਲ ਰਖੇ ਹੋਏ ਸਿੱਲ ਵੱਟੇ ਵੀ ਮਿਲੇ ਹਨ। ਅਤਰੰਜੀਖੇੜਾ (ਉਤੱਰ-ਪ੍ਰਦੇਸ਼) ਦੀ ਖੁਦਾਈ ਚੋਂ ਇਕ ਕੁਮਹਾਰ ਦੀ ਭੱਠੀ ਵੀ ਮਿਲੀ ਹੈ।

